# ਜਾਣ ਪਛਾਣ

## ਲੇਖਕ

ਰੋਮੀਆਂ ਦੀ ਪੱਤ੍ਰੀ ਦਾ ਰੱਬੀ ਲੇਖਕ ਪਵਿੱਤਰ ਆਤਮਾ ਸੀ (ਵੇਖੋ 1 ਕੁਰਿੰਥੀਆਂ 2:4, 10, 13; 2 ਪਤਰਸ 1:21)। ਮਨੁੱਖੀ ਲੇਖਕ ਜਿਹੜਾ ਪਵਿੱਤਰ ਆਤਮਾ ਦੁਆਰਾ ਪ੍ਰੇਰਿਤ ਕੀਤਾ ਗਿਆ, ਉਸ ਦਾ ਨਾਮ 1:1 ਵਿੱਚ ਦਿੱਤਾ ਗਿਆ ਹੈ: "ਲਿਖਤੁਮ ਪੌਲੁਸ ਯਿਸੂ ਮਸੀਹ ਦਾ ਦਾਸ ਜਿਹੜਾ ਰਸੂਲ ਬਣਨ ਲਈ ਸੱਦਿਆ ਗਿਆ ਅਤੇ ਪਰਮੇਸ਼ੁਰ ਦੀ ਖੁਸ਼ਖ਼ਬਰੀ ਦੇ ਲਈ ਵੱਖਰਾ ਕੀਤਾ ਗਿਆ।" ਮੈਂ ਅਜਿਹੇ ਕਿਸੇ ਵੀ ਰੂੜ੍ਹੀਵਾਦੀ ਵਿਦਵਾਨ ਨੂੰ ਨਹੀਂ ਜਾਣਦਾ ਜੋ ਇਸ ਗੱਲ ਦਾ ਇਨਕਾਰ ਕਰਦਾ ਹੋਵੇ ਕਿ ਇਹ ਪੁਸਤਕ ਪੌਲੁਸ ਰਸੂਲ ਦੁਆਰਾ ਲਿਖੀ ਗਈ ਹੈ। ਸਗੋਂ ਆਲੋਚਕ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਇੱਕ ਪੌਲੁਸ ਨਾਮ ਦਾ ਵਿਅਕਤੀ ਸੀ ਜਿਸ ਨੇ ਕੁਝ ਪੱਤ੍ਰੀਆਂ ਲਿਖੀਆਂ ਅਤੇ ਰੋਮੀਆਂ ਦੀ ਪੱਤ੍ਰੀ ਉਨ੍ਹਾਂ ਪੱਤ੍ਰੀਆਂ ਵਿੱਚੋਂ ਇੱਕ ਹੈ। ਇਹ ਚਾਰਲਸ ਹੌਜ ਸੀ ਜਿਸ ਦਾ ਵਿਚਾਰ ਸੀ ਕਿ "ਦੁਨੀਆਂ ਵਿੱਚ ਹੋਰ ਕੋਈ ਅਜਿਹੀ ਪ੍ਰਾਚੀਨ ਪੁਸਤਕ ਨਹੀਂ ਹੈ . . . ਜਿਸ ਦੀ ਪ੍ਰਮਾਣਿਕਤਾ ਇਸ ਪੱਤ੍ਰੀ ਤੋਂ ਜ਼ਿਆਦਾ ਭਰੋਸੇਮੰਦ ਹੋਵੇ।"[1]

ਇਹ ਗੱਲ ਸਪੱਸ਼ਟ ਹੈ ਕਿ ਇਹ ਪੱਤ੍ਰੀ ਪੌਲੁਸ ਦੇ ਦੁਆਰਾ ਤਰਤਿਯੁਸ ਨਾਮਕ ਇੱਕ ਗ੍ਰੰਥੀ ਨੂੰ ਬੋਲ ਕੇ ਲਿਖਵਾਈ ਗਈ ਸੀ, ਜਿਸ ਨੇ ਇਸ ਪੱਤ੍ਰੀ ਦੇ ਅੰਤ ਵਿੱਚ ਉਸ ਦਾ ਆਪਣਾ ਸਲਾਮ ਵੀ ਸ਼ਾਮਲ ਕੀਤਾ ਹੈ (16:22)। ਸ਼ਾਇਦ ਇਹ ਪੱਤ੍ਰੀ ਇੱਕ ਫ਼ੀਬੀ ਨਾਮਕ ਮਸੀਹੀ ਔਰਤ ਦੁਆਰਾ ਰੋਮ ਨੂੰ ਲਿਜਾਈ ਗਈ ਸੀ (ਵੇਖੋ 16:1, 2)। ਉਸ ਜ਼ਮਾਨੇ ਵਿੱਚ ਕਿਸੇ ਤਰ੍ਹਾਂ ਦੀ ਕੋਈ ਡਾਕ ਸੇਵਾ ਨਹੀਂ ਸੀ ਹੁੰਦੀ ਜਿਵੇਂ ਕਿ ਅੱਜ ਸਾਡੇ ਸਮੇਂ ਵਿੱਚ ਹੈ। ਵਪਾਰਕ ਕਾਰਜਾਂ ਲਈ ਸਰਕਾਰ ਕੋਲ ਤਾਂ ਦੂਤ ਹੁੰਦੇ ਸਨ, ਪਰ ਆਮ ਲੋਕ ਬਸ ਉਹੋ ਕਰਦੇ ਸਨ ਜੋ ਉਹ ਸਭ ਤੋਂ ਉੱਤਮ ਕਰ ਸਕਦੇ ਸਨ। ਓਹ ਆਪਣੇ ਮਿੱਤਰਾਂ ਜਾਂ ਜਾਣ-ਪਛਾਣ ਵਾਲਿਆਂ ਦੇ ਹੱਥੀਂ ਜੋ ਆਪਣੇ ਨਿਰਧਾਰਤ ਸਥਾਨਾਂ ਨੂੰ ਸਫ਼ਰ ਕਰ ਰਹੇ ਹੁੰਦੇ ਸਨ ਆਪਣੇ ਪੱਤਰਾਂ ਨੂੰ ਭੇਜਦੇ ਸਨ।

## ਪ੍ਰਾਪਤਕਰਤਾ

ਪੱਤ੍ਰੀ ਨੂੰ ਪ੍ਰਾਪਤ ਕਰਨ ਵਾਲਿਆਂ ਦੇ ਨਾਮ 1:7 ਵਿੱਚ ਦੱਸੇ ਗਏ ਹਨ: "ਓਹਨਾਂ ਸਭਨਾਂ ਨੂੰ ਜਿਹੜੇ ਰੋਮ ਵਿੱਚ ਪਰਮੇਸ਼ੁਰ ਦੇ ਪਿਆਰੇ ਅਤੇ ਸੰਤ ਬਣਨ ਲਈ ਸੱਦੇ ਹੋਏ ਹਨ।" ਇੱਕ ਵਾਰ ਫੇਰ, ਅਸੀਂ ਸਹਿਮਤ ਹਾਂ: ਇਹ ਪੱਤ੍ਰੀ ਉਨ੍ਹਾਂ ਮਸੀਹੀ ਲੋਕਾਂ ਨੂੰ ਲਿਖੀ ਗਈ ਸੀ ਜਿਹੜੇ ਰੋਮ ਵਿੱਚ ਰਹਿ ਰਹੇ ਸਨ। ਕਿਉਂਕਿ ਕਲੀਸੀਆ ਮਸੀਹੀ ਲੋਕਾਂ ਦੇ ਸਮੂਹ (ਜਿਹੜੇ ਮਸੀਹ ਦੇ ਲਹੂ ਦੇ ਦੁਆਰਾ ਬਚਾਏ ਗਏ ਹਨ) ਤੋਂ ਨਾ ਤਾਂ ਕੁਝ ਘੱਟ ਹੈ ਅਤੇ ਨਾ ਹੀ ਵੱਧ ਹੈ, ਇਸ ਲਈ ਇਹ ਸੋਚਣਾ ਬਿਲਕੁਲ ਸਹੀ ਹੈ ਕਿ ਇਹ ਪੱਤ੍ਰੀ ਰੋਮ ਵਿਚਲੀ "ਸਮੁੱਚੀ ਕਲੀਸੀਆ" ਜਾਂ ਉਸ ਸ਼ਹਿਰ ਦੀਆਂ ਅਨੇਕ "ਘਰੇਲੂ ਕਲੀਸੀਆਵਾਂ" (ਮੰਡਲੀਆਂ) ਨੂੰ ਲਿਖੀ ਗਈ ਸੀ (ਵੇਖੋ 16:3, 5)। ਇਸ ਟੀਕੇ ਵਿੱਚ ਅਤੇ ਹੋਰਨਾਂ ਰਚਨਾਵਾਂ ਵਿੱਚ ਵੀ ਇਸ ਪੱਤ੍ਰੀ ਦਾ

ਹਵਾਲਾ ਅਕਸਰ "ਰੋਮ ਦੀ ਕਲੀਸੀਆ" ਨੂੰ ਲਿਖੀ ਗਈ ਪੱਤ੍ਰੀ ਵਜੋਂ ਦਿੱਤਾ ਜਾਵੇਗਾ, ਜੋ ਕਿ ਰੋਮ ਵਿੱਚ ਰਹਿਣ ਵਾਲੇ ਸਭਨਾਂ ਮਸੀਹੀ ਲੋਕਾਂ ਦਾ ਹਵਾਲਾ ਦੇਣ ਦਾ ਸਧਾਰਣ ਜਿਹਾ ਤਰੀਕਾ ਹੈ।

## ਰੋਮ ਦੀ ਕਲੀਸੀਆ

ਰੋਮ ਦੁਨੀਆ ਦਾ ਸਭ ਤੋਂ ਵੱਡਾ ਸ਼ਹਿਰ ਸੀ, ਜੋ ਤਾਕਤਵਰ ਰੋਮੀ ਸਾਮਰਾਜ ਦੀ ਰਾਜਧਾਨੀ ਸੀ ਅਤੇ ਜਿਸ ਦੀ ਹੱਦ ਬਰਤਾਨੀਆ ਤੋਂ ਲੈ ਕੇ ਅਰਬ ਤੱਕ ਸੀ। ਜਿਹੜੇ ਲੋਕ ਸੰਯੁਕਤ ਅਮਰੀਕਾ ਵਿੱਚ ਰਹਿੰਦੇ ਹਨ ਇਸ ਨੂੰ ਆਪਣੇ ਸਮੇਂ ਦੇ ਨਿਊਯਾਰਕ ਸ਼ਹਿਰ ਵਜੋਂ ਸੋਚ ਸਕਦੇ ਹਨ। ਇਹ ਇੰਗਲੈਂਡ ਦੇ "ਲੰਦਨ" ਅਤੇ ਜਪਾਨ ਦੇ "ਟੋਕੀਓ" ਸ਼ਹਿਰ ਵਰਗਾ ਹੋਵੇਗਾ। ਰੋਮ ਨੂੰ ਆਪਣੇ ਸਮੇਂ ਵਿੱਚ ਦੁਨੀਆ ਦਾ ਰਾਜਨੀਤਿਕ, ਆਰਥਿਕ, ਜਾਂ ਸਮਾਜਿਕ ਕੇਂਦਰ ਸਮਝਿਆ ਜਾਂਦਾ ਸੀ। ਪੌਲੁਸ ਦੇ ਸਮੇਂ ਵਿੱਚ ਇੱਕ ਕਹਾਵਤ ਹੁੰਦੀ ਸੀ ਕਿ "ਸਾਰੇ ਰਾਹ ਰੋਮ ਨੂੰ ਜਾਂਦੇ ਹਨ।" ਜਿਸ ਸਮੇਂ ਰੋਮੀਆਂ ਦੀ ਪੁਸਤਕ ਲਿਖੀ ਗਈ ਸੀ ਉਸ ਸਮੇਂ ਨੀਰੋ ਰਾਜ ਕਰ ਰਿਹਾ ਸੀ ਅਤੇ ਰੋਮੀ ਸਾਮਰਾਜ ਆਪਣੀ ਸ਼ਾਨ ਅਤੇ ਸ਼ਕਤੀ ਵਿੱਚ ਲਗਭਗ ਪੂਰੇ ਸਿਖਰ ਤੇ ਸੀ।

ਰੋਮ ਦੀ ਕਲੀਸੀਆ ਕਿਵੇਂ ਜਾਂ ਕਦੋਂ ਸਥਾਪਤ ਹੋਈ ਸੀ ਇਸ ਬਾਰੇ ਅਸੀਂ ਨਹੀਂ ਜਾਣਦੇ। ਕੈਥੋਲਿਕ ਚਰਚ ਦਾ ਮੰਨਣਾ ਹੈ ਕਿ ਪਤਰਸ ਨੇ ਰੋਮ ਵਿੱਚ ਇਹ ਕਲੀਸੀਆ ਸਥਾਪਤ ਕੀਤੀ ਸੀ ਅਤੇ ਉਹ ਆਪਣੀ ਮੌਤ ਤੋੜੀ 25 ਸਾਲ ਤੱਕ ਬਤੌਰ ਬਿਸ਼ਪ ਇਸ ਕਲੀਸੀਆ ਦੀ ਸੇਵਾ ਕਰਦਾ ਰਿਹਾ। ਜਦ ਕਿ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਹੈ ਕਿ ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿੱਚ ਪਤਰਸ ਰੋਮ ਵਿੱਚ ਸੀ, ਇਸ ਧਾਰਣਾ ਦੇ ਵਿਰੁੱਧ ਬਹੁਤ ਸਾਰੇ ਪ੍ਰਮਾਣ ਹਨ। ਉਦਾਹਰਣ ਲਈ, ਰੋਮੀਆਂ ਦੀ ਪੱਤ੍ਰੀ ਦੇ ਅੰਤ ਵਿੱਚ ਜਦੋਂ ਪੌਲੁਸ ਨੇ ਉਨ੍ਹਾਂ ਨੂੰ ਆਪਣਾ ਸਲਾਮ ਭੇਜਿਆ ਜਿਨ੍ਹਾਂ ਨੂੰ ਉਹ ਰੋਮ ਵਿੱਚ ਜਾਣਦਾ ਸੀ (16:3-15) ਤਾਂ ਉਸ ਨੇ ਪਤਰਸ ਦਾ ਕੋਈ ਜ਼ਿਕਰ ਨਹੀਂ ਕੀਤਾ—ਪਰ ਉਹ ਪਤਰਸ ਨੂੰ ਕਈ ਮੌਕਿਆਂ ਤੇ ਮਿਲ ਚੁੱਕਾ ਸੀ (ਰਸੂਲਾਂ ਦੇ ਕਰਤੱਬ 15:7, 12; ਗਲਾਤੀਆਂ 1:18; 2:7-9, 11-21)। ਪੌਲੁਸ ਨੇ ਨਾ ਤਾਂ ਉਨ੍ਹਾਂ ਪੱਤ੍ਰੀਆਂ (ਅਫ਼ਸੀਆਂ, ਫ਼ਿਲਿੱਪੀਆਂ, ਕੁਲੁੱਸੀਆਂ, ਫਿਲੇਮੋਨ) ਵਿੱਚ ਪਤਰਸ ਦਾ ਕੋਈ ਜ਼ਿਕਰ ਕੀਤਾ ਜੋ ਉਸ ਨੇ ਰੋਮ ਵਿੱਚੋਂ ਆਪਣੇ ਪਹਿਲੀ ਵਾਰ ਜੇਲ੍ਹ ਜਾਣ ਦੌਰਾਨ ਲਿਖੀਆਂ ਸਨ ਅਤੇ ਨਾ ਹੀ ਉਸ ਵਿੱਚ ਜੋ ਉਸ ਨੇ ਦੂਜੀ ਵਾਰ ਜੇਲ੍ਹ ਜਾਣ ਦੌਰਾਨ ਲਿਖੀ ਸੀ (2 ਤਿਮੋਥਿਉਸ)।

ਕੀ ਹੋਇਆ ਹੋਵੇਗਾ ਇਹ ਦੱਸਣ ਲਈ ਇਤਹਾਸਕ ਤੱਥਾਂ ਨੂੰ ਗਿਣ ਕੇ ਦੱਸਿਆ ਜਾ ਸਕਦਾ ਹੈ। ਰੋਮ ਵਿੱਚ ਯਹੂਦੀ ਲੋਕਾਂ ਦੀ ਅਬਾਦੀ ਕਾਫੀ ਜ਼ਿਆਦਾ ਸੀ। ਜਦੋਂ ਰੋਮੀ ਜਰਨੈਲ ਪੌਂਪੀ ਨੇ ਯਹੂਦੀਆਂ ਦੇ ਦੇਸ ਨੂੰ ਜਿੱਤ ਲਿਆ ਅਤੇ ਯਰੂਸ਼ਲਮ ਉੱਤੇ ਕਬਜ਼ਾ ਕਰ ਲਿਆ ਤਾਂ ਬਹੁਤ ਸਾਰੇ ਯਹੂਦੀ ਕੈਦੀਆਂ ਨੂੰ ਗੁਲਾਮਾਂ ਦੇ ਰੂਪ ਵਿੱਚ ਰੋਮ ਨੂੰ ਭੇਜ ਦਿੱਤਾ ਗਿਆ। ਮੂਸਾ ਦੀ ਸ਼ਰਾ ਦੀ ਸਖ਼ਤਾਈ ਨਾਲ ਪਾਲਣਾ ਕਰਨ ਕਰਕੇ ਉਹ ਉੰਨੇ ਉਪਯੋਗੀ ਗੁਲਾਮ ਸਾਬਤ ਨਾ ਹੋਏ। ਆਖ਼ਰਕਾਰ, ਉਨ੍ਹਾਂ ਦੇ ਮਾਲਕਾਂ ਨੇ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਅਜ਼ਾਦ ਕਰ ਦਿੱਤਾ ਅਤੇ ਉਨ੍ਹਾਂ ਨੂੰ ਤਿਬਿਰ ਝੀਲ।[2] ਦੇ ਪਾਰ ਰਹਿਣ ਲਈ ਇੱਕ ਥਾਂ ਵੀ ਦਿੱਤਾ। ਇਹ ਇਲਾਕਾ ਬਦਨਾਮ ਸੀ, ਪਰ ਯਹੂਦੀ ਲੋਕ ਵਧਦੇ ਗਏ।

ਰੋਮ ਤੋਂ ਯਹੂਦੀ ਲੋਕ ਪੰਤੇਕੁਸਤ ਦਾ ਯਹੂਦੀ ਤਿਉਹਾਰ ਮਨਾਉਣ ਲਈ ਜਿਸ ਦਾ ਵਰਣਨ ਰਸੂਲਾਂ ਦੇ ਕਰਤੱਬ 2:10 ਵਿੱਚ ਕੀਤਾ ਗਿਆ ਹੈ, ਯਰੂਸ਼ਲਮ ਨੂੰ ਜਾਂਦੇ ਸਨ। ਸ਼ਾਇਦ ਉਨ੍ਹਾਂ ਵਿੱਚੋਂ ਕੁਝ ਲੋਕ ਮਸੀਹੀ ਬਣ ਗਏ ਸਨ ਅਤੇ ਕਲੀਸੀਆ ਦੇ ਖਿੰਡਣ ਤੋਂ ਬਾਅਦ (ਰਸੂਲਾਂ ਦੇ ਕਰਤੱਬ 8:1), ਓਹ ਆਪਣੇ ਨਾਲ ਖੁਸ਼ਖ਼ਬਰੀ ਨੂੰ ਲੈ ਕੇ ਰੋਮ ਨੂੰ ਪਰਤ ਆਏ (ਰਸੂਲਾਂ ਦੇ ਕਰਤੱਬ 8:4)। ਸਗੋਂ ਇਹ ਵੀ ਸੰਭਵ ਹੈ ਕਿ, ਮਸੀਹੀ ਲੋਕਾਂ ਦੇ ਖਿੰਡਣ ਤੋਂ ਪਹਿਲਾਂ, ਰਸੂਲਾਂ ਨੇ ਉਨ੍ਹਾਂ ਵਿੱਚੋਂ ਕੁਝ ਉੱਤੇ ਆਪਣੇ ਹੱਥ ਰੱਖੇ ਸਨ (ਵੇਖੋ ਰਸੂਲਾਂ ਦੇ ਕਰਤੱਬ 8:17, 18) ਅਤੇ ਉਨ੍ਹਾਂ ਨੂੰ ਆਪਣੇ ਆਪ ਕਾਰਜਸ਼ੀਲ ਹੋਣ ਵਿੱਚ ਉਨ੍ਹਾਂ ਦੀ ਸਹਾਇਤਾ ਲਈ ਚਮਤਕਾਰੀ ਗਿਆਨ ਦਿੱਤਾ ਸੀ। ਇੱਕ ਤਰੀਕਾ ਸੀ ਜਿਸ ਨਾਲ ਇਹ ਚਮਤਕਾਰੀ ਗਿਆਨ ਫੈਲਿਆ ਅਤੇ ਉਹ ਸੀ ਸਿੱਖਿਆ ਦੇ ਰਾਹੀਂ ਜੋ ਉਨ੍ਹਾਂ ਦੇ ਦੁਆਰਾ ਦਿੱਤੀ ਜਾਂਦੀ ਸੀ ਜਿਨ੍ਹਾਂ ਕੋਲ ਨਬੂਵਤ ਦਾ ਜਾਂ ਪ੍ਰੇਰਣਾ ਰਾਹੀਂ ਕੀਤਾ ਜਾਣ ਵਾਲਾ ਪ੍ਰਚਾਰ ਕਰਨ ਦਾ ਵਰਦਾਨ ਹੁੰਦਾ ਸੀ (12:6)।

ਇੱਕ ਹੋਰ ਸੰਭਾਵਨਾ ਇਹ ਹੈ ਕਿ ਕੁਝ ਲੋਕ ਜੋ ਪੌਲੁਸ ਦੇ ਰਾਹੀਂ ਮਸੀਹ ਵਿਚ ਆਏ ਸਨ, ਰੋਮ ਨੂੰ ਗਏ ਅਤੇ ਉਨ੍ਹਾਂ ਨੇ ਉੱਥੇ ਜਾ ਕੇ ਕਲੀਸੀਆ ਸਥਾਪਤ ਕੀਤੀ (16:3-15 ਵਿੱਚ ਪੌਲੁਸ ਦੇ ਜਾਣਕਾਰਾਂ ਦੀ ਸੂਚੀ ਨੂੰ ਵੇਖੋ)। ਉਸ ਸ਼ਹਿਰ ਵਿੱਚ ਆਵਾਜਾਈ ਲੱਗੀ ਰਹਿੰਦੀ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਨ੍ਹਾਂ ਮੁਸਾਫ਼ਰਾਂ ਵਿੱਚ ਬਹੁਤ ਸਾਰੇ ਅਜਿਹੇ ਲੋਕ ਵੀ ਸਨ ਜਿਹੜੇ ਪੌਲੁਸ ਦੇ ਦੁਆਰਾ ਮਸੀਹ ਵਿਚ ਆਏ ਸਨ ਅਤੇ ਸ਼ਾਇਦ ਉਨ੍ਹਾਂ ਵਿੱਚੋਂ ਕੁਝ ਉੱਤੇ ਪੌਲੁਸ ਨੇ ਆਪਣੇ ਹੱਥ ਵੀ ਰੱਖੇ ਸਨ (ਵੇਖੋ ਰਸੂਲਾਂ ਦੇ ਕਰਤੱਬ 19:1-7) ਅਤੇ ਉਨ੍ਹਾਂ ਨੂੰ ਚਮਤਕਾਰੀ ਯੋਗਤਾਵਾਂ ਦਿੱਤੀਆਂ ਸਨ।

ਜਿਵੇਂ ਵੀ ਅਤੇ ਜਦ ਵੀ ਰੋਮ ਵਿੱਚ ਕਲੀਸੀਆ ਸਥਾਪਤ ਕੀਤੀ ਗਈ ਸੀ, ਇੱਕ ਦਸਤਾਵੇਜ਼ ਤੋਂ ਇਹ ਪਤਾ ਲੱਗਦਾ ਹੈ ਕਿ ਉਸ ਸ਼ਹਿਰ ਦੇ ਲੋਕਾਂ ਨੇ 49 ਜਾਂ 50 ਈਸਵੀ ਵਿੱਚ ਮਸੀਹ ਨੂੰ ਜਾਣਿਆ ਸੀ। ਡੀ. ਡੀ. ਵੀਹਡਨ ਦੇ ਅਨੁਸਾਰ, "ਸ਼ਹਿਰ ਦੀ ਸਰਕਾਰ ਦੇ ਧਿਆਨ ਨੂੰ ਆਕਰਸ਼ਤ ਕਰਨ ਲਈ, ਯਹੂਦੀਆਂ ਵਿੱਚ ਅਜਿਹਾ ਜੋਸ਼ ਪੈਦਾ ਹੋਇਆ ਸੀ (ਲਗਭਗ 50 ਈਸਵੀ), ਜਿਸ ਤੋਂ ਇਹ ਪਤਾ ਲੱਗਾ ਕਿ ਫਸਾਦ ਉਸ ਤੋਂ ਖੜੇ ਹੋ ਰਹੇ ਸਨ ਜਿਸ ਦਾ ਨਾਮ *ਖ੍ਰੇਸਟੁਸ ਸੀ,* ਜੋ ਕਿ ਸਪੱਸ਼ਟ ਤੌਰ ਤੇ ਮਸੀਹ ਦੇ ਨਾਮ ਦੀ ਸੋਧ ਸੀ।"[3] ਜਿਸ ਸਮੇਂ ਪੌਲੁਸ ਨੇ 50 ਈਸਵੀ ਦੇ ਅੱਧ ਤੋਂ ਅੰਤਲੇ ਸਮੇਂ ਦੌਰਾਨ ਰੋਮੀਆਂ ਦੀ ਪੱਤ੍ਰੀ ਲਿਖੀ, ਕਲੀਸੀਆ ਸਜੀਵ ਅਤੇ ਸਰਗਰਮ ਸੀ (1:8)।

## ਯਹੂਦੀ ਜਾਂ ਪਰਾਈਆਂ ਕੌਮਾਂ

ਇੱਕ ਸਵਾਲ ਜੋ ਕਿ ਚਿੰਤਾ ਵਾਲਾ ਹੈ ਉਹ ਇਹ ਹੈ ਕਿ ਰੋਮ ਵਿੱਚ ਜੋ ਕਲੀਸੀਆ ਸੀ, ਕੀ ਉਸ ਵਿੱਚ ਬਹੁਗਿਣਤੀ ਯਹੂਦੀਆਂ ਦੀ ਸੀ, ਮੁੱਖ ਤੌਰ ਤੇ ਪਰਾਈਆਂ ਕੌਮਾਂ ਦੇ ਲੋਕਾਂ ਦੀ ਸੀ, ਜਾਂ ਫਿਰ ਦੋਵਾਂ ਦਾ ਮਿਸ਼ਰਣ ਸੀ। ਪੱਤ੍ਰੀ ਵਿੱਚ, ਪੌਲੁਸ ਨੇ ਸ਼ੁਰੂ ਸ਼ੁਰੂ ਵਿੱਚ ਪਰਾਈਆਂ ਕੌਮਾਂ ਨੂੰ ਸੰਬੋਧਿਤ ਕੀਤਾ ਸੀ: ". . . ਮੈਂ ਕਿੰਨੀ ਹੀ ਵਾਰੀ ਤੁਹਾਡੇ ਕੋਲ ਆਉਣ ਦੀ ਦਲੀਲ ਕੀਤੀ ਭਈ ਜਿਵੇਂ ਬਾਕੀ ਦੀਆਂ ਪਰਾਈਆਂ ਕੌਮਾਂ ਵਿੱਚ ਤਿਵੇਂ ਤੁਹਾਡੇ ਵਿੱਚ ਭੀ ਮੈਨੂੰ ਕੁਝ ਫਲ ਮਿਲੇ" (1:13; ਵੇਖੋ 15:15, 16)। ਫਿਰ ਵੀ, ਬਾਕੀ ਬੰਦ ਜਾਂ ਪੈਰ੍ਹੇ ਯਹੂਦੀਆਂ ਨੂੰ ਲਿਖੇ ਗਏ ਹਨ। ਉਦਾਹਰਣ ਲਈ, ਪੌਲੁਸ ਨੇ ਲਿਖਿਆ, "ਤੂੰ 'ਯਹੂਦੀ' ਸਦਾਉਂਦਾ ਹੈਂ" ਅਤੇ ਫਿਰ

ਲਿਖਿਆ ਕਿ "ਪਰਾਈਆਂ ਕੌਮਾਂ ਦੇ ਵਿੱਚ ਤੁਹਾਡੇ ਕਾਰਨ ਪਰਮੇਸ਼ੁਰ ਦੇ ਨਾਮ ਦੀ ਨਿੰਦਿਆ ਹੁੰਦੀ ਹੈ" (2:17, 24; ਵੇਖੋ 4:1)। ਇਸ ਹਾਲਤ ਦੀ ਤੁਲਨਾ ਇੱਕ ਅਜਿਹੇ ਵਿਅਕਤੀ ਨਾਲ ਕੀਤੀ ਜਾ ਸਕਦੀ ਹੈ ਜਿਸ ਦੇ ਸਾਹਮਣੇ ਦੋ ਬੰਦੇ ਖੜੇ ਹਨ। ਕਈ ਵਾਰ ਉਹ ਆਪਣੀਆਂ ਟਿੱਪਣੀਆਂ ਪਹਿਲੇ ਨੂੰ ਸੰਬੋਧਿਤ ਕਰਦਾ ਹੈ ਅਤੇ ਕਈ ਵਾਰ ਉਹ ਆਪਣੀਆਂ ਟਿੱਪਣੀਆਂ ਦੂਜੇ ਨੂੰ ਸੰਬੋਧਿਤ ਕਰਦਾ ਹੈ।

ਇਹ ਸਚਾਈ ਕਿ ਕਲੀਸੀਆ ਵਿੱਚ ਪਰਾਈ ਕੌਮ ਅਤੇ ਯਹੂਦੀ ਕੌਮ, ਦੋਵਾਂ ਦੇ ਮੈਂਬਰ ਸਨ ਮਹੱਤਵਪੂਰਣ ਹੈ, ਪਰ ਠੀਕ ਠੀਕ ਪ੍ਰਤੀਸ਼ਤਤਾ ਮਹੱਤਵਹੀਣ ਹੈ। ਇਹ ਸੰਭਵ ਹੈ ਕਿ ਰੋਮ ਦੀ ਕਲੀਸੀਆ ਵਿੱਚ ਯਹੂਦੀ ਮੈਂਬਰਾਂ ਨਾਲੋਂ ਜ਼ਿਆਦਾ ਪਰਾਈਆਂ ਕੌਮਾਂ ਦੇ ਸਨ। ਯਹੂਦੀਆਂ ਨੂੰ 49 ਜਾਂ 50 ਈਸਵੀ ਦੇ ਲਗਭਗ ਸਮਰਾਟ ਕਲੌਦਿਯੁਸ ਦੁਆਰਾ ਰੋਮ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ (ਵੇਖੋ ਰਸੂਲਾਂ ਦੇ ਕਰਤੱਬ 18:2)। ਇਨ੍ਹਾਂ ਵਿੱਚ ਸ਼ਾਇਦ ਯਹੂਦੀ ਮਸੀਹੀ ਲੋਕ ਵੀ ਸ਼ਾਮਲ ਸਨ ਜਿਹੜੇ ਰੋਮ ਦੀ ਕਲੀਸੀਆ ਵਿੱਚ ਪਰਾਈ ਕੌਮ ਦੇ ਮਸੀਹੀ ਲੋਕਾਂ ਨੂੰ ਛੱਡ ਗਏ ਸਨ। 54 ਈਸਵੀ ਵਿੱਚ ਜਦੋਂ ਕਲੌਦਿਯੁਸ ਦੀ ਮੌਤ ਹੋ ਗਈ ਤਾਂ ਇਹ ਬੰਦਸ਼ ਹਟਾ ਦਿੱਤੀ ਗਈ ਅਤੇ ਜਿਨ੍ਹਾਂ ਲੋਕਾਂ ਨੂੰ ਬਾਹਰ ਕੱਢ ਦਿੱਤਾ ਗਿਆ ਸੀ ਉਨ੍ਹਾਂ ਵਿੱਚੋਂ ਕੁਝ ਲੋਕ ਫੇਰ ਵਾਪਸ ਆ ਗਏ (16:3); ਪਰ ਇਸ ਸਮੇਂ ਤੱਕ, ਕਲੀਸੀਆ ਵਿੱਚ ਬਹੁਗਿਣਤੀ ਪਰਾਈ ਕੌਮ ਦੇ ਲੋਕ ਹੀ ਹੋਣਗੇ।

ਅਸੀਂ ਇਸ ਨਿਚੋੜ ਨਾਲ ਸਹਿਮਤ ਹੋਵਾਂਗੇ ਕਿ ਪੌਲੁਸ ਆਪਣੀ ਇਸ ਪੱਤ੍ਰੀ ਦੀ ਸ਼ੁਰੂਆਤ ਵਿੱਚ ਪਰਾਈਆਂ ਕੌਮਾਂ ਨੂੰ ਸੰਬੋਧਿਤ ਕਰ ਰਿਹਾ ਸੀ (1:13)। ਇਸ ਤੋਂ ਇਲਾਵਾ, ਇਹ ਸਾਨੂੰ ਵਿਸਤਾਰ ਨਾਲ ਇਹ ਸਮਝਣ ਵਿੱਚ ਮਦਦ ਕਰੇਗੀ ਕਿ 16:3-15 ਵਿੱਚ 26 ਨਾਮਾਂ ਵਿੱਚੋਂ ਸਿਰਫ ਕੁਝ ਨਾਮ ਹੀ ਯਹੂਦੀ ਕਿਉਂ ਹਨ।[4] ਇਸ ਤੋਂ ਇਲਾਵਾ, ਰਸੂਲਾਂ ਦੇ ਕਰਤੱਬ 28:17-22 ਤੋਂ ਇਹ ਪਤਾ ਲੱਗਦਾ ਹੈ ਕਿ ਰੋਮ ਵਿੱਚ ਯਹੂਦੀ ਲੋਕਾਂ ਵਿਚਕਾਰ ਖੁਸ਼ਖ਼ਬਰੀ ਦਾ ਪ੍ਰਚਾਰ ਪੌਲੁਸ ਦੇ ਉੱਥੇ ਜੇਲ੍ਹ ਵਿੱਚ ਜਾਣ ਤੋਂ ਪਹਿਲਾਂ ਸੀਮਿਤ ਸੀ।

## ਰੋਮ ਦੀ ਕਲੀਸੀਆ ਨਾਲ ਪੌਲੁਸ ਦਾ ਸੰਬੰਧ

ਕੁਝ ਲੋਕਾਂ ਨੂੰ ਰੋਮ ਦੀ ਕਲੀਸੀਆ ਨਾਲ ਪੌਲੁਸ ਦੇ ਸੰਬੰਧ ਤੋਂ ਵੀ ਦਿੱਕਤ ਹੁੰਦੀ ਹੈ। ਕੈਥੋਲਿਕ ਹੈਰਾਨ ਹੁੰਦੇ ਹਨ ਕਿ ਪੌਲੁਸ ਕੋਲ ਇਹ ਪੱਤ੍ਰੀ ਲਿਖਣ ਦਾ ਕੀ ਅਧਿਕਾਰ ਸੀ ਜਦ ਕਿ ਪਤਰਸ (ਜਿਸ ਨੂੰ ਉਨ੍ਹਾਂ ਦਾ ਪਹਿਲਾ ਪੋਪ ਮੰਨਿਆ ਜਾਂਦਾ ਹੈ) ਉੱਥੇ ਸੀ (ਉਨ੍ਹਾਂ ਦੇ ਦਾਅਵੇ ਅਨੁਸਾਰ)। ਸੰਦੇਹਵਾਦੀ ਪੁੱਛਦੇ ਹਨ, "ਪੌਲੁਸ ਨੂੰ ਇੱਕ ਅਜਿਹੀ ਪੱਤ੍ਰੀ ਲਿਖਣ ਦਾ ਕੀ ਹੱਕ ਸੀ ਜਦ ਕਿ ਉਹ ਕਿਸੇ ਹੋਰ ਵਿਅਕਤੀ ਨਾਲੋਂ ਭਿੰਨ ਨਹੀਂ ਸੀ?" ਜਿਹੜੇ ਲੋਕ ਬਾਈਬਲ ਨੂੰ ਧਰਮ ਦੇ ਅਧਿਕਾਰ ਵਜੋਂ ਸਵੀਕਾਰ ਕਰਦੇ ਹਨ ਉਨ੍ਹਾਂ ਨੂੰ ਰੋਮ ਵਿੱਚ ਕਲੀਸੀਆ ਨਾਲ ਪੌਲੁਸ ਦੇ ਸੰਬੰਧ ਨੂੰ ਸਮਝਣ ਵਿੱਚ ਕੋਈ ਮੁਸ਼ਕਲ ਨਹੀਂ ਹੁੰਦੀ। ਮਸੀਹ ਨੇ ਪੌਲੁਸ ਨੂੰ ਪਰਾਈਆਂ ਕੌਮਾਂ ਵਿੱਚ ਜਾ ਕੇ ਪ੍ਰਚਾਰ ਕਰਨ ਦਾ ਹੁਕਮ ਦਿੱਤਾ ਸੀ (ਰਸੂਲਾਂ ਦੇ ਕਰਤੱਬ 26:16-18; ਗਲਾਤੀਆਂ 2:7, 8)। ਇਹ ਬਸ ਕੁਝ ਹੀ ਦੇਰ ਦੀ ਗੱਲ ਸੀ ਜਦੋਂ ਤੱਕ ਕਿ ਉਸ ਦਾ ਧਿਆਨ ਪਰਾਈਆਂ ਕੌਮਾਂ ਦੇ ਸਭ ਤੋਂ ਸ੍ਰੇਸ਼ਟ ਸ਼ਹਿਰਾਂ ਦੀ ਦਿਸ਼ਾ ਵੱਲ ਮੁੜਦਾ (ਵੇਖੋ 1:5, 9-11)।

# ਲਿਖਣ ਦਾ ਸਥਾਨ ਅਤੇ ਮਿਤੀ

## ਇੱਕ ਕਾਲਕ੍ਰਮਿਕ ਸਰਵੇਖਣ

ਇੱਕ ਕਾਲਕ੍ਰਮਿਕ ਸਰਵੇਖਣ ਇਹ ਦੱਸਣ ਵਿੱਚ ਮਦਦ ਕਰ ਸਕਦਾ ਹੈ ਕਿ ਰੋਮੀਆਂ ਦੀ ਪੱਤ੍ਰੀ ਕਿੱਥੇ ਅਤੇ ਕਦੋਂ ਲਿਖੀ ਗਈ ਸੀ। ਇਹ ਸਰਵੇਖਣ ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ ਨਾਲ ਸ਼ੁਰੂ ਹੋਣਾ ਚਾਹੀਦਾ ਹੈ। ਗਲਾਤਿਯਾ ਅਤੇ ਫ਼ਰੁਗਿਯਾ ਦਾ ਦੌਰਾ ਕਰਨ ਤੋਂ ਬਾਅਦ, ਉਹ ਅਫ਼ਸੁਸ ਨੂੰ ਆਇਆ (ਰਸੂਲਾਂ ਦੇ ਕਰਤੱਬ 18:23; 19:1)। ਉੱਥੇ ਰਹਿੰਦਿਆਂ ਉਸ ਨੇ ਰੋਮ ਨੂੰ ਜਾਣ ਦੀਆਂ ਯੋਜਨਾਵਾਂ ਬਣਾਈਆਂ: ". . . ਪੌਲੁਸ ਨੇ ਮਨ ਵਿੱਚ ਦਾਯਾ ਕੀਤਾ ਜੋ ਮਕਦੂਨਿਯਾ ਅਰ ਅਖਾਯਾ ਦੇ ਵਿੱਚੋਂ ਦੀ ਲੰਘ ਕੇ ਯਰੂਸ਼ਲਮ ਨੂੰ ਜਾਵੇ ਅਤੇ ਕਿਹਾ ਕਿ 'ਜਾਂ ਮੈਂ ਉੱਥੇ ਹੋ ਆਵਾਂ ਤਾਂ ਮੈਨੂੰ ਰੋਮ ਭੀ ਵੇਖਣਾ ਚਾਹੀਦਾ ਹੈ'" (ਰਸੂਲਾਂ ਦੇ ਕਰਤੱਬ 19:21)।

ਅਫ਼ਸੁਸ ਵਿੱਚ ਫਸਾਦ ਖੜਾ ਹੋਣ ਤੋਂ ਬਾਅਦ (ਰਸੂਲਾਂ ਦੇ ਕਰਤੱਬ 19:23-41), ਪੌਲੁਸ ਮਕਦੂਨਿਯਾ ਵਿੱਚ ਗਿਆ (ਰਸੂਲਾਂ ਦੇ ਕਰਤੱਬ 20:1), ਜਿੱਥੇ ਉਸ ਨੇ ਗਰਮੀ ਅਤੇ ਪਤਝੜ ਦੀ ਰੁੱਤ ਬਿਤਾਈ। ਇਸ ਤੋਂ ਬਾਅਦ, ਸਰਦੀ ਦੀ ਰੁੱਤ ਦੌਰਾਨ ਤਿੰਨ ਮਹੀਨਿਆਂ ਲਈ ਉਹ ਯੂਨਾਨ, ਖਾਸ ਕਰਕੇ ਕੁਰਿੰਥੁਸ ਨੂੰ ਚਲਾ ਗਿਆ (ਰਸੂਲਾਂ ਦੇ ਕਰਤੱਬ 20:2, 3; 1 ਕੁਰਿੰਥੀਆਂ 16:6)। ਕੁਰਿੰਥੁਸ ਤੋਂ ਉਹ ਯਰੂਸ਼ਲਮ ਦੇ ਗਰੀਬ ਮਸੀਹੀ ਲੋਕਾਂ ਲਈ ਚੰਦਾ ਲੈ ਕੇ ਯਰੂਸ਼ਲਮ ਨੂੰ ਤੁਰ ਪਿਆ (ਰਸੂਲਾਂ ਦੇ ਕਰਤੱਬ 20:3, 16; 24:17; ਵੇਖੋ 1 ਕੁਰਿੰਥੀਆਂ 16:1-4)।

## ਕੁਰਿੰਥੁਸ ਤੋਂ 57 ਜਾਂ 58 ਈਸਵੀ ਦੇ ਲਗਭਗ

ਜ਼ਿਆਦਾਤਰ ਲੇਖਕ ਇਸ ਗੱਲ ਨਾਲ ਸਹਿਮਤ ਹਨ ਕਿ ਰੋਮੀਆਂ ਦੀ ਪੱਤ੍ਰੀ ਪੌਲੁਸ ਨੇ ਕੁਰਿੰਥੁਸ ਵਿੱਚ ਆਪਣੇ ਤਿੰਨ ਮਹੀਨੇ ਦੇ ਠਹਿਰਾਉ ਦੌਰਾਨ ਲਿਖੀ ਸੀ। ਇਸ ਤੋਂ ਇਲਾਵਾ, ਏਹ ਲੇਖਕ ਕਹਿੰਦੇ ਹਨ ਕਿ ਪੌਲੁਸ ਉੱਥੇ ਲਗਭਗ 57 ਜਾਂ 58 ਈਸਵੀ ਦੌਰਾਨ ਠਹਿਰਿਆ ਸੀ। ਇਹ ਨਿਚੋੜ ਕਿ ਰੋਮੀਆਂ ਦੀ ਪੱਤ੍ਰੀ ਇਸ ਦੌਰੇ ਦੇ ਅੰਤ ਵਿੱਚ ਕੁਰਿੰਥੁਸ ਵਿੱਚੋਂ ਲਿਖੀ ਗਈ ਸੀ ਪੌਲੁਸ ਦੀਆਂ ਉਨ੍ਹਾਂ ਯੋਜਨਾਵਾਂ ਨਾਲ ਮੇਲ ਖਾਂਦਾ ਹੈ ਜਿਨ੍ਹਾਂ ਦੀ ਰੂਪਰੇਖਾ 15:25-28 ਵਿੱਚ ਦਿੱਤੀ ਗਈ ਹੈ:

> ਪਰ ਹਾਲੀ ਮੈਂ ਸੰਤਾਂ ਦੀ ਸੇਵਾ ਕਰਨ ਲਈ ਯਰੂਸ਼ਲਮ ਨੂੰ ਜਾਂਦਾ ਹਾਂ। ਕਿਉਂ ਜੋ ਮਕਦੂਨਿਯਾ ਅਤੇ ਅਖਾਯਾ [ਕੁਰਿੰਥੁਸ ਅਖਾਯਾ ਵਿੱਚ ਸੀ] ਦੇ ਲੋਕਾਂ ਦੀ ਭਾਉਣੀ ਹੋਈ ਭਈ ਯਰੂਸ਼ਲਮ ਦੇ ਸੰਤਾਂ ਵਿੱਚੋਂ ਓਹਨਾਂ ਲਈ ਜਿਹੜੇ ਗਰੀਬ ਹਨ ਚੰਦਾ ਉਗਰਾਹੀ ਕਰਨ। . . . ਸੋ ਜਦ ਇਸ ਕੰਮ ਨੂੰ ਸਿਰੇ ਚਾੜ੍ਹ ਲਵਾਂ, . . . ਤਾਂ ਮੈਂ ਤੁਹਾਡੇ ਕੋਲੋਂ ਹੋ ਕੇ ਅਗਾਹਾਂ ਹਿਸਪਾਨਿਯਾ (ਸਪੇਨ) ਨੂੰ ਜਾਵਾਂਗਾ।

ਇਸ ਨਿਚੋੜ ਨੂੰ ਪੱਤ੍ਰੀ ਦੇ ਅੰਤ ਵਿੱਚ ਤਿੰਨ ਵਿਅਕਤੀਆਂ ਦਾ ਜ਼ਿਕਰ ਕਰਕੇ ਹੋਰ ਪੁਖ਼ਤਾ ਕੀਤਾ ਗਿਆ ਹੈ। ਪਹਿਲਾ ਵਿਅਕਤੀ ਫ਼ੀਬੀ ਹੈ, ਜੋ ਸਪੱਸ਼ਟ ਤੌਰ ਤੇ ਇਸ ਪੱਤ੍ਰੀ ਨੂੰ ਰੋਮ ਵਿੱਚ ਲੈ ਕੇ ਗਈ ਸੀ: "ਮੈਂ ਤੁਹਾਨੂੰ ਫ਼ੀਬੀ ਦੀ ਸੌਂਪਣਾ ਕਰਦਾ ਹਾਂ ਜਿਹੜੀ ਸਾਡੀ ਭੈਣ

ਅਤੇ ਉਸ ਕਲੀਸਿਯਾ ਦੀ ਸੇਵਕਾ ਹੈ ਜੋ ਕੰਖਰਿਯਾ ਵਿੱਚ ਹੈ" (16:1)। ਕੰਖਰਿਯਾ ਕੁਰਿੰਥੁਸ ਦੀ ਪੂਰਬੀ ਬੰਦਰਗਾਹ ਸੀ। ਦੂਜੇ ਦੋ ਵਿਅਕਤੀਆਂ ਦਾ ਜ਼ਿਕਰ 16:23 ਵਿੱਚ ਕੀਤਾ ਗਿਆ ਹੈ: "ਗਾਯੁਸ ਜੋ ਮੇਰਾ ਅਤੇ ਸਾਰੀ ਕਲੀਸਿਯਾ ਦਾ ਪਰਾਹੁਣਚਾਰੀ ਕਰਨ ਵਾਲਾ ਹੈ ਤੁਹਾਡੀ ਸੁਖ ਸਾਂਦ ਪੁੱਛਦਾ ਹੈ। ਇਰਸਤੁਸ ਜਿਹੜਾ ਸ਼ਹਿਰ ਦਾ ਖਜ਼ਾਨਚੀ ਹੈ।" ਗਾਯੁਸ ਨਾਮ ਦੇ ਵਿਅਕਤੀ ਨੇ ਕੁਰਿੰਥੁਸ ਵਿੱਚ ਪੌਲੁਸ ਕੋਲੋਂ ਬਪਤਿਸਮਾ ਲਿਆ ਸੀ (1 ਕੁਰਿੰਥੀਆਂ 1:14)। 2 ਤਿਮੋਥਿਉਸ 4:20 ਵਿੱਚ, ਇਰਸਤੁਸ ਨਾਮ ਦੇ ਭਰਾ ਦੀ ਕੁਰਿੰਥੁਸ ਤੋਂ ਪਹਿਚਾਣ ਹੁੰਦੀ ਹੈ (ਵੇਖੋ ਰਸੂਲਾਂ ਦੇ ਕਰਤੱਬ 19:22)। ਅੱਗੇ ਆਉਣ ਵਾਲੀ ਚਰਚਾ ਵਿੱਚ ਅਸੀਂ ਉਸ ਸ਼ਿਲਾਲੇਖ ਨੂੰ ਸ਼ਾਮਲ ਕਰਾਂਗੇ ਜਿਸ ਦੀ ਖੋਜ ਪ੍ਰਾਚੀਨ ਕੁਰਿੰਥੁਸ ਦੇ ਖੰਡਰਾਂ ਵਿੱਚੋਂ ਕੀਤੀ ਗਈ ਸੀ ਜਿਸ ਵਿੱਚ ਇਰਸਤੁਸ ਨਾਂ ਦੇ ਵਿਅਕਤੀ ਦੇ ਬਾਰੇ ਦੱਸਿਆ ਗਿਆ ਹੈ ਜੋ ਸ਼ਹਿਰ ਦਾ ਅਧਿਕਾਰੀ ਸੀ (16:23 ਤੇ ਟਿੱਪਣੀਆਂ ਨੂੰ ਵੇਖੋ)।

## ਕਾਲਕ੍ਰਮਿਕ ਸਰਵੇਖਣ ਜਾਰੀ

ਪੌਲੁਸ ਦੀਆਂ ਯਾਤਰਾਵਾਂ ਵਿੱਚ ਥੋੜ੍ਹਾ ਹੋਰ ਅੱਗੇ ਜਾਣ ਨਾਲ ਇਸ ਬਾਰੇ ਹੋਰ ਜ਼ਿਆਦਾ ਡੂੰਘਾਈ ਨਾਲ ਪਤਾ ਲੱਗੇਗਾ ਕਿ ਰੋਮੀਆਂ ਦੀ ਕਲੀਸੀਆ ਨੂੰ ਲਿਖਦੇ ਹੋਏ ਪੌਲੁਸ ਦੇ ਦਿਲ-ਦਿਮਾਗ ਵਿੱਚ ਕੀ ਚੱਲ ਰਿਹਾ ਸੀ। ਯਰੂਸ਼ਲਮ ਦੇ ਦੌਰੇ ਤੇ, ਪੌਲੁਸ ਅਫ਼ਸੁਸ ਵਿੱਚ ਕਲੀਸੀਆ ਦੇ ਬਜ਼ੁਰਗਾਂ (ਐਲਡਰਾਂ) ਨੂੰ ਮਿਲਿਆ (ਰਸੂਲਾਂ ਦੇ ਕਰਤੱਬ 20:17, 18)। ਉਸ ਨੇ ਉਨ੍ਹਾਂ ਨੂੰ ਕਿਹਾ,

> ਹੁਣ ਵੇਖੋ . . . ਮੈਂ ਯਰੂਸ਼ਲਮ ਨੂੰ ਜਾਂਦਾ ਹਾਂ ਅਤੇ ਮੈਂ ਨਹੀਂ ਜਾਣਦਾ ਜੋ ਉੱਥੇ ਮੇਰੇ ਉੱਤੇ ਕੀ ਬੀਤੇਗਾ, ਪਰ ਐਨਾ ਜਾਣਦਾ ਹਾਂ ਭਈ ਪਵਿੱਤ੍ਰ ਆਤਮਾ ਹਰੇਕ ਨਗਰ ਵਿੱਚ ਮੈਨੂੰ ਇਹ ਕਹਿ ਕੇ ਸਾਖੀ ਦਿੰਦਾ ਹੈ ਜੋ ਬੰਧਨ ਅਤੇ ਬਿਪਤਾ ਤੇਰੇ ਲਈ ਤਿਆਰ ਹਨ। ਪਰੰਤੂ ਮੈਂ ਆਪਣੇ ਲਈ ਆਪਣੀ ਜਾਨ ਨੂੰ ਕਿਸੇ ਤਰਾਂ ਪਿਆਰੀ ਨਹੀਂ ਸਮਝਦਾ ਹਾਂ . . . (ਰਸੂਲਾਂ ਦੇ ਕਰਤੱਬ 20:22-24)।

ਰਸੂਲਾਂ ਦੇ ਕਰਤੱਬ 21 ਵਿੱਚ, ਇਹ ਵੇਖਿਆ ਗਿਆ ਹੈ ਕਿ ਪਵਿੱਤਰ ਆਤਮਾ "ਹਰੇਕ ਨਗਰ ਵਿੱਚ . . . ਕੀ ਸਾਖੀ ਦਿੰਦਾ [ਦੇ ਰਿਹਾ] ਹੈ" (ਰਸੂਲਾਂ ਦੇ ਕਰਤੱਬ 20:23)। ਜਦੋਂ ਪੌਲੁਸ ਕੈਸਰਿਯਾ ਵਿੱਚ ਪਹੁੰਚਿਆ, ਯਹੂਦਿਯਾ ਤੋਂ ਇੱਕ ਨਬੀ ਨੇ ਆਪਣੇ ਹੱਥਾਂ ਅਤੇ ਪੈਰਾਂ ਨੂੰ ਪੌਲੁਸ ਦੇ ਕਮਰਪਟਕੇ ਨਾਲ ਬੰਨ੍ਹ ਲਿਆ ਅਤੇ ਕਿਹਾ, "ਪਵਿੱਤ੍ਰ ਆਤਮਾ ਇਉਂ ਆਖਦਾ ਹੈ: 'ਭਈ ਯਹੂਦੀ ਲੋਕ ਯਰੂਸ਼ਲਮ ਵਿੱਚ ਉਸ ਮਨੁੱਖ ਨੂੰ ਜਿਹ ਦਾ ਇਹ ਪਟਕਾ ਹੈ ਇਸੇ ਤਰਾਂ ਬੰਨ੍ਹਣਗੇ ਅਤੇ ਪਰਾਈਆਂ ਕੌਮਾਂ ਦੇ ਹੱਥਾਂ ਵਿੱਚ ਹਵਾਲੇ ਕਰਨਗੇ'" (ਰਸੂਲਾਂ ਦੇ ਕਰਤੱਬ 21:11)। ਜਿਹੜੇ ਲੋਕ ਉੱਥੇ ਮੌਜੂਦ ਸਨ ਉਨ੍ਹਾਂ ਨੇ ਪੌਲੁਸ ਦੀਆਂ ਮਿੰਨਤਾਂ ਕੀਤੀਆਂ ਭਈ ਉਹ ਯਰੂਸ਼ਲਮ ਨੂੰ ਨਾ ਜਾਵੇ, ਪਰ ਪੌਲੁਸ ਨੇ ਉੱਤਰ ਦਿੱਤਾ, "ਮੈਂ ਪ੍ਰਭੂ ਯਿਸੂ ਦੇ ਨਾਮ ਦੇ ਬਦਲੇ ਯਰੂਸ਼ਲਮ ਵਿੱਚ ਨਿਰਾ ਬੰਨ੍ਹੇ ਜਾਣ ਨੂੰ ਹੀ ਨਹੀਂ ਸਗੋਂ ਮਰਨ ਨੂੰ ਵੀ ਤਿਆਰ ਹਾਂ" (ਰਸੂਲਾਂ ਦੇ ਕਰਤੱਬ 21:12, 13)। ਜਦੋਂ ਕੋਈ ਵਿਅਕਤੀ ਇਨ੍ਹਾਂ ਵਚਨਾਂ ਨੂੰ ਪੜ੍ਹਦਾ ਹੈ ਤਾਂ ਉਸ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਪੌਲੁਸ ਨੂੰ ਇਹ ਨਹੀਂ ਲੱਗਦਾ ਸੀ ਕਿ ਉਹ ਕਦੇ ਰੋਮ ਪਹੁੰਚ ਸਕੇਗਾ। ਰੋਮੀਆਂ 15 ਅਧਿਆਇ ਵਿੱਚ, ਉਸ ਨੇ ਹਿਸਪਾਨਿਯਾ (ਸਪੇਨ) ਨੂੰ ਜਾਂਦਿਆਂ ਰੋਮ ਦੇ ਵਿੱਚੋਂ

ਦੀ ਲੰਘਣ ਦੇ ਆਪਣੇ ਇਰਾਦੇ ਨੂੰ ਪਰਗਟ ਕੀਤਾ, ਪਰ ਜਦੋਂ ਕੋਈ ਰੋਮੀਆਂ ਦੀ ਪੱਤ੍ਰੀ ਨੂੰ ਲਿਖਣ ਦੇ ਪੌਲੁਸ ਦੇ ਮਕਸਦ ਤੱਕ ਪਹੁੰਚਦਾ ਹੈ ਤਾਂ ਇਸ ਸੰਭਾਵਨਾ ਨੂੰ ਵੀ ਆਪਣੇ ਮਨ ਵਿੱਚ ਰੱਖਣਾ ਚਾਹੀਦਾ ਹੈ ਕਿ ਉਸ ਦੀਆਂ ਯੋਜਨਾਵਾਂ ਸ਼ਾਇਦ ਉਸ ਦੀ ਇੱਛਾ ਅਨੁਸਾਰ ਨਾ ਪੂਰੀਆਂ ਹੋਣ।

ਯਰੂਸ਼ਲਮ ਵਿੱਚ ਪੌਲੁਸ ਨੂੰ ਕੈਦੀ ਬਣਾ ਕੇ ਲੈ ਜਾਣ ਤੋਂ ਬਾਅਦ (ਰਸੂਲਾਂ ਦੇ ਕਰਤੱਬ 21:33), ਪ੍ਰਭੂ ਉਹ ਦੇ ਉੱਤੇ ਪਰਗਟ ਹੋਇਆ ਅਤੇ ਉਸ ਨੂੰ ਕਿਹਾ, "ਹੌਸਲਾ ਰੱਖ ਕਿਉਂਕਿ ਜਿਸ ਤਰਾਂ ਤੈਂ ਮੇਰੀਆਂ ਗੱਲਾਂ ਉੱਤੇ ਯਰੂਸ਼ਲਮ ਵਿੱਚ ਸਾਖੀ ਦਿੱਤੀ ਓਸੇ ਤਰਾਂ ਤੈਨੂੰ ਰੋਮ ਵਿੱਚ ਵੀ ਸਾਖੀ ਦੇਣੀ ਪਵੇਗੀ" (ਰਸੂਲਾਂ ਦੇ ਕਰਤੱਬ 23:11)। ਸ਼ਾਇਦ ਇਹ ਪੌਲੁਸ ਦਾ ਪਹਿਲਾ ਭਰੋਸਾ ਸੀ ਕਿ ਰੋਮ ਨੂੰ ਜਾਣ ਦੀਆਂ ਉਸ ਦੀਆਂ ਯੋਜਨਾਵਾਂ ਆਖ਼ਰਕਾਰ ਪੂਰੀਆਂ ਹੋਣਗੀਆਂ। ਕਈ ਸਾਲਾਂ ਬਾਅਦ, ਪੌਲੁਸ ਰੋਮ ਵਿੱਚ ਪਹੁੰਚਿਆ (ਰਸੂਲਾਂ ਦੇ ਕਰਤੱਬ 28:16) ਇੰਜੀਲ ਦੇ ਪ੍ਰਚਾਰਕ ਦੇ ਤੌਰ ਤੇ ਨਹੀਂ, ਜਿਵੇਂ ਕਿ ਉਸ ਨੇ ਯੋਜਨਾ ਬਣਾਈ ਸੀ, ਪਰ ਪੇਸ਼ੀ ਦੇ ਲਈ। ਉਸ ਨੂੰ ਸਰਕਾਰੀ ਖਰਚੇ ਤੇ ਸਮੁੰਦਰੀ ਜਹਾਜ਼ ਰਾਹੀਂ ਰੋਮ ਨੂੰ ਲਿਜਾਇਆ ਗਿਆ ਸੀ।

## ਸ਼ੈਲੀ

ਰੋਮੀਆਂ ਇੱਕ ਪੱਤ੍ਰੀ ਹੈ, ਪਰ ਇੱਕ ਆਮ ਪੱਤ੍ਰੀ ਨਹੀਂ। ਇਸ ਪੱਤ੍ਰੀ ਨੂੰ ਇਸ ਰੂਪ ਨਾਲ ਸੋਚਿਆ ਜਾ ਸਕਦਾ ਹੈ ਕਿ ਇਸ ਪੱਤ੍ਰੀ ਦੇ ਅੰਦਰ ਇੱਕ ਖਾਸ ਨਿਬੰਧ ਸੀ, ਇਸ ਪੱਤ੍ਰੀ ਦੇ ਅੰਦਰ ਇੱਕ ਨਿਬੰਧ ਵਲ੍ਹੇਟਿਆ ਹੋਇਆ ਸੀ। ਇਹ ਇੱਕ ਪੱਤ੍ਰੀ ਹੈ ਕਿਉਂਕਿ ਉਸ ਜ਼ਮਾਨੇ ਵਿੱਚ ਇਸ ਦੇ ਪ੍ਰਣਾਮ (1:1-7) ਅਤੇ ਆਖ਼ਰੀ ਸੁਖ ਸਾਂਦ ਜਾਂ ਸਲਾਮ (16:1-24) ਦੇ ਨਾਲ ਇਸੇ ਤਰ੍ਹਾਂ ਪੱਤਰ ਲਿਖੇ ਜਾਂਦੇ ਸਨ। ਪੌਲੁਸ ਦੇ ਲਿਖਾਰੀ ਤਿਰਤਯੁਸ ਨੇ ਵੀ ਇਸ ਲਿਖਤ ਨੂੰ ਇੱਕ "ਪੱਤ੍ਰੀ" ਵਜੋਂ ਪਛਾਣਿਆ (16:22)। ਇਹ ਇੱਕ ਨਿਬੰਧ ਵੀ ਹੈ, ਇੱਕ ਵਿਸ਼ੇ ਦਾ ਰਸਮੀ ਤੌਰ ਤੇ ਸੰਗਠਿਤ ਪ੍ਰਬੰਧ।

## ਨਵੇਂ ਨੇਮ ਵਿੱਚ ਇਸ ਪੱਤ੍ਰੀ ਦਾ ਸਥਾਨ

### ਪੌਲੁਸ ਦੀਆਂ ਰਚਨਾਵਾਂ ਵਿੱਚ ਇਸ ਨੂੰ ਪਹਿਲੇ ਸਥਾਨ ਤੇ ਕਿਉਂ ਰੱਖਿਆ ਗਿਆ ਹੈ?

ਰਸੂਲਾਂ ਦੇ ਕਰਤੱਬ ਦੀ ਪੁਸਤਕ ਤੋਂ ਤੁਰੰਤ ਬਾਅਦ, ਪੌਲੁਸ ਦੀਆਂ ਰਚਨਾਵਾਂ ਵਿੱਚ ਰੋਮੀਆਂ ਦੀ ਪੱਤ੍ਰੀ ਨੂੰ ਸਭ ਤੋਂ ਪਹਿਲਾਂ ਕਿਉਂ ਪਾਇਆ ਜਾਂਦਾ ਹੈ? ਰੋਮੀਆਂ ਪੌਲੁਸ ਦੁਆਰਾ ਲਿਖੀ ਜਾਣ ਵਾਲੀ ਪਹਿਲੀ ਪੱਤ੍ਰੀ ਨਹੀਂ ਸੀ। ਇਸ ਤੋਂ ਪਹਿਲਾਂ ਉਸ ਨੇ ਪਹਿਲਾ ਅਤੇ ਦੂਜਾ ਥੱਸਲੁਨੀਕੀਆਂ, ਪਹਿਲਾ ਅਤੇ ਦੂਜਾ ਕੁਰਿੰਥੀਆਂ ਅਤੇ ਗਲਾਤੀਆਂ ਦੀਆਂ ਪੱਤ੍ਰੀਆਂ ਲਿਖੀਆਂ ਸਨ, ਰੋਮੀਆਂ ਉਸ ਦੀ ਛੇਵੀਂ ਪੱਤ੍ਰੀ ਸੀ। ਘੱਟੋ—ਘੱਟ, ਉਸ ਦੀਆਂ ਪੱਤ੍ਰੀਆਂ ਵਿੱਚੋਂ ਛੇਵੀਂ ਪੱਤ੍ਰੀ ਨੂੰ ਸਾਡੇ ਲਈ ਸੰਭਾਲ ਕੇ ਰੱਖਿਆ ਗਿਆ ਸੀ। ਫਿਰ ਕਿਉਂ, ਇਸ ਨੂੰ ਪਹਿਲੇ ਸਥਾਨ ਤੇ ਰੱਖਿਆ ਗਿਆ ਸੀ? ਕੁਝ ਲੋਕਾਂ ਦਾ ਮੰਨਣਾ ਹੈ ਕਿ ਰੋਮੀਆਂ ਦੀ ਪੱਤ੍ਰੀ ਨੂੰ ਇਸ ਲਈ ਪਹਿਲੇ ਸਥਾਨ ਤੇ ਰੱਖਿਆ ਗਿਆ ਸੀ ਕਿਉਂਕਿ ਇਹ ਪੱਤ੍ਰੀ ਉਸ ਦੀਆਂ ਪੱਤ੍ਰੀਆਂ ਵਿੱਚੋਂ ਸਭ ਤੋਂ ਲੰਮੀ ਸੀ,[5] ਪਰ ਯਕੀਨਣ ਇਸ ਪੱਤ੍ਰੀ ਦੀ ਲੰਬਾਈ ਇਕਲੌਤਾ ਪਹਿਲੂ ਨਹੀਂ ਸੀ। ਆਮ ਤੌਰ ਤੇ

ਇਹ ਸਹਿਮਤੀ ਬਣਦੀ ਹੈ ਕਿ ਰੋਮੀਆਂ ਦੀ ਪੱਤ੍ਰੀ ਪੌਲੁਸ ਦੀ ਸਭ ਤੋਂ ਸ੍ਰੇਸ਼ਟ ਰਚਨਾ ਸੀ। ਇਹ ਰਸੂਲ ਇਸ ਪੱਤ੍ਰੀ ਨੂੰ ਲਿਖਣ ਸਮੇਂ ਉਸ ਦੀਆਂ ਮਾਨਸਿਕ ਅਤੇ ਆਤਮਿਕ ਯੋਗਤਾਵਾਂ ਦੇ ਸਿਖਰ ਤੇ ਸੀ ਅਤੇ ਰੋਮੀਆਂ ਦੀ ਪੱਤ੍ਰੀ ਵਿੱਚ ਚਰਚਿਤ ਵਿਸ਼ਿਆਂ ਨਾਲ (ਆਤਮਾ ਦੀ ਅਗਵਾਈ ਵਿੱਚ) ਨਜਿੱਠਣ ਲਈ ਤਿਆਰ ਸੀ।

ਰੋਮੀਆਂ ਦੀ ਪੱਤ੍ਰੀ ਤਰਕਪੂਰਣ ਢੰਗ ਨਾਲ ਰਸੂਲਾਂ ਦੇ ਕਰਤੱਬ ਤੋਂ ਬਾਅਦ ਆਉਂਦੀ ਹੈ। ਡੇਵ ਮਿਲਰ ਇਸ ਤਰ੍ਹਾਂ ਲਿਖਦਾ ਹੈ: "ਰਸੂਲਾਂ ਦੇ ਕਰਤੱਬ ਦੀ ਪੁਸਤਕ ਸਾਨੂੰ ਮੁਕਤੀ ਦੀਆਂ ਸ਼ਰਤਾਂ ਦਿੰਦੀ ਹੈ; ਰੋਮੀਆਂ ਦੀ ਪੱਤ੍ਰੀ ਸਾਨੂੰ ਮੁਕਤੀ ਦੇ ਆਧਾਰ ਦਿੰਦੀ ਹੈ। ਰੋਮੀਆਂ ਦੀ ਪੱਤ੍ਰੀ ਖਾਸ ਕਰਕੇ ਤੁਹਾਨੂੰ ਇਹ ਦੱਸਣ ਲਈ ਨਹੀਂ ਲਿਖੀ ਗਈ ਸੀ ਕਿ ਤੁਸੀਂ ਕੀ ਕਰਨਾ ਹੈ। ਰਸੂਲਾਂ ਦੇ ਕਰਤੱਬ ਦੀ ਪੁਸਤਕ ਸਾਨੂੰ ਦੱਸਦੀ ਹੈ 'ਕੀ'; ਰੋਮੀਆਂ ਦੀ ਪੱਤ੍ਰੀ ਸਾਨੂੰ ਦੱਸਦੀ ਹੈ 'ਕਿਵੇਂ' ਅਤੇ 'ਕਿਉਂ।'"[6]

## ਕੀ ਇਹ ਕੈਨਨ ਦਾ ਹਿੱਸਾ ਹੈ?

"ਕੈਨਨ" ਲਾਤੀਨੀ ਭਾਸ਼ਾ ਦਾ ਇੱਕ ਸ਼ਬਦ ਹੈ, ਕੈਨਨ ਦਾ ਅਰਥ ਹੈ "ਸੂਤਰ," ਜੋ ਕਿ ਯੂਨਾਨੀ ਸ਼ਬਦ κανών (*ਕਨੋਨ*), ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ "ਮਾਪਣ ਵਾਲੀ ਛੜੀ ਜਾਂ ਸੂਤਰ।" ਵਚਨ ਦਾ "ਸੂਤਰ" ਉਨ੍ਹਾਂ ਪੁਸਤਕਾਂ ਦਾ ਹਵਾਲਾ ਦਿੰਦਾ ਹੈ ਜੋ "ਮਾਪੀਆਂ ਜਾ ਚੁੱਕੀਆਂ ਹਨ," ਜੋ "ਜਾਂਚ ਕਰਨ ਤੇ ਖਰੀਆਂ ਉਤਰੀਆਂ ਹਨ" ਅਤੇ ਜਿਨ੍ਹਾਂ ਨੂੰ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਦਿੱਤੇ ਵਚਨ ਦੇ ਪ੍ਰਮਾਣਕ ਹਿੱਸੇ ਮੰਨਿਆ ਜਾਂਦਾ ਹੈ। ਕੀ ਰੋਮੀਆਂ ਦੀ ਪੱਤ੍ਰੀ ਨਵੇਂ ਨੇਮ ਵਿੱਚ ਸ਼ਾਮਲ ਕੀਤੇ ਜਾਣ ਦੀ ਹੱਕਦਾਰ ਹੈ? ਫੇਰ, ਇੱਕ ਸਹਿਮਤੀ ਹੈ। ਰੋਮੀਆਂ ਦੀ ਪੱਤ੍ਰੀ ਦਾ (ਉਸ ਨਾਂ ਨਾਲ) ਬਿਨਾਂ ਸ਼ੱਕ ਬਾਈਬਲ ਵਿੱਚ ਇੱਕ ਸਥਾਨ ਰਿਹਾ ਸੀ। ਪਰਮੇਸ਼ੁਰ ਦੀ ਪ੍ਰੇਰਣਾ ਦੇ ਬਗੈਰ ਲਿਖਣ ਵਾਲੇ ਮਸੀਹੀ ਲੇਖਕਾਂ ਦੀਆਂ ਆਰੰਭਕ ਰਚਨਾਵਾਂ ਇਹ ਸੰਕੇਤ ਦਿੰਦੀਆਂ ਹਨ ਕਿ ਪੌਲੁਸ ਦੀਆਂ ਪੱਤ੍ਰੀਆਂ 90 ਈਸਵੀ ਤੋਂ ਵੀ ਪਹਿਲਾਂ ਪ੍ਰਸਾਰਿਤ ਹੋ ਰਹੀਆਂ ਸਨ।

## ਕੀ ਵਰਤਮਾਨ ਲਿਖਤ ਪ੍ਰਮਾਣਕ ਹੈ?

ਰੋਮੀਆਂ ਦੀ ਪੱਤ੍ਰੀ ਦੇ ਸੰਬੰਧ ਵਿੱਚ ਲਿਖਤ ਬਾਰੇ ਕਈ ਤਰ੍ਹਾਂ ਦੇ ਸਵਾਲ ਖੜੇ ਹੁੰਦੇ ਹਨ। ਉਦਾਹਰਣ ਲਈ, ਰੋਮੀਆਂ ਦੀ ਪੱਤ੍ਰੀ ਦੀਆਂ ਸ਼ੁਰੂਆਤੀ ਨਕਲਾਂ ਦੇ ਪਹਿਲੇ ਅਧਿਆਇ ਵਿੱਚ "ਰੋਮ" ਦਾ ਕੋਈ ਜ਼ਿਕਰ ਨਹੀਂ ਹੈ ਅਤੇ ਕਈਆਂ ਵਿੱਚ ਤਾਂ ਇਸ ਦਾ ਸਮਾਪਤੀ ਅਧਿਆਇ ਵੀ ਨਹੀਂ ਹੈ ਜਾਂ ਨਹੀਂ ਹਨ। ਇਹ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਇਹ ਪੱਤ੍ਰੀ ਨਿੱਜੀ ਹਵਾਲਿਆਂ ਤੋਂ ਬਿਨਾਂ ਕੁਝ ਇਲਾਕਿਆਂ ਵਿੱਚ ਭੇਜੀ ਗਈ ਸੀ। ਹਾਲਾਂਕਿ ਵਿਦਵਾਨ ਆਮ ਤੌਰ ਤੇ ਸਹਿਮਤ ਹਨ ਕਿ ਸੋਲਾਂ ਅਧਿਆਇ ਜਿਵੇਂ ਕਿ ਇਹ ਅੱਜ ਸਾਡੇ ਕੋਲ ਨਵੇਂ ਨੇਮ ਵਿੱਚ ਹਨ "ਅਸਲ ਵਿੱਚ ਉਹ ਅਸਲੀ ਲੇਖ ਹੈ ਜੋ ਪੌਲੁਸ ਨੇ ਰੋਮੀ ਮਸੀਹੀ ਲੋਕਾਂ ਨੂੰ ਲਿਖਿਆ ਸੀ।"[7]

# ਮਕਸਦ

ਪੌਲੁਸ ਨੇ ਇਸ ਪੱਤ੍ਰੀ ਨੂੰ ਲਿਖਣ ਲਈ ਘੱਟੋ ਘੱਟ ਤਿੰਨ ਕਾਰਣਾਂ ਦਾ ਜ਼ਿਕਰ ਕੀਤਾ:

ਇੱਕ ਨਿੱਜੀ ਕਾਰਣ: ਉਸ ਦੇ ਆਉਣ ਦਾ ਐਲਾਨ ਕਰਨ ਲਈ (1:11, 15)।
ਇੱਕ ਧਰਮਸ਼ਾਸਤਰੀ ਕਾਰਣ: ਖੁਸ਼ਖ਼ਬਰੀ ਦੇ ਮੂਲ ਸਿਧਾਂਤਾਂ ਦੀ ਸਮੀਖਿਆ ਕਰਨ ਅਤੇ ਉਨ੍ਹਾਂ ਨੂੰ ਖੋਲ੍ਹ ਕੇ ਦੱਸਣ ਲਈ (15:15)।
ਇੱਕ ਵਿੱਤੀ ਕਾਰਣ: ਹਿਸਪਾਨਿਯਾ (ਸਪੇਨ) ਦੇ ਪ੍ਰਸਤਾਵਿਤ ਦੌਰੇ ਲਈ ਚੰਦਾ ਉਗਰਾਹੁਣ ਲਈ (15:22-24, 28)।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਸ ਪੱਤ੍ਰੀ ਦੀ ਰਚਨਾ ਵਿੱਚ ਬਹੁਤ ਸਾਰੇ ਪਹਿਲੂ ਸ਼ਾਮਲ ਸਨ ਪਰ ਸਾਡੀ ਦਿਲਚਸਪੀ ਪੱਤ੍ਰੀ ਦਾ ਮੁਢਲਾ ਮਕਸਦ ਹੈ।

ਸਭ ਤੋਂ ਪਹਿਲਾਂ, ਇਹ ਕਿਹਾ ਜਾ ਸਕਦਾ ਹੈ ਕਿ ਇਹ ਪੁਸਤਕ ਮੁੱਖ ਰੂਪ ਵਿੱਚ ਪੌਲੁਸ ਦੁਆਰਾ ਯਹੂਦੀ ਉਪਦੇਸ਼ਕਾਂ ਦੇ ਖਿਲਾਫ਼ ਆਪਣੇ ਆਪ ਦਾ ਬਚਾਅ ਕਰਨ ਲਈ *ਨਹੀਂ* ਲਿਖੀ ਗਈ ਸੀ, ਜਿਵੇਂ ਕਿ ਉਸ ਨੇ ਗਲਾਤੀਆਂ ਦੀ ਪੱਤ੍ਰੀ ਵਿੱਚ ਕੀਤਾ ਸੀ। ਪੌਲੁਸ ਨੇ ਰੋਮ ਵਿੱਚ ਰਹਿ ਰਹੇ ਮਸੀਹੀ ਲੋਕਾਂ ਨੂੰ ਇਨ੍ਹਾਂ ਝੂਠੇ ਉਪਦੇਸ਼ਕਾਂ ਦੀ ਨਿਸ਼ਚਿਤ ਆਮਦ ਦੇ ਸੰਬੰਧ ਵਿੱਚ ਤਿਆਰ ਕਰਨ ਦੀ ਇੱਛਾ ਕੀਤੀ ਹੋਵੇਗੀ, ਪਰ ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲਦਾ ਕਿ ਓਹ ਪਹਿਲਾਂ ਹੀ ਰੋਮ ਵਿੱਚ ਪਹੁੰਚ ਚੁੱਕੇ ਸਨ।

ਇਹ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਰੋਮੀਆਂ ਦੀ ਪੱਤ੍ਰੀ ਇੱਕ ਸਰਲ "ਮੁਢਲਾ-ਸਿਧਾਂਤ" ਸੰਦੇਸ਼ *ਨਹੀਂ* ਹੈ।[8] ਰੋਮੀ ਮਸੀਹੀ ਲੋਕਾਂ ਦੀ ਨਿਹਚਾ ਬਾਰੇ ਸਾਰਾ ਸੰਸਾਰ ਜਾਣਦਾ ਸੀ (1:8)। ਓਹ "ਸਾਰੇ ਗਿਆਨ ਨਾਲ ਭਰੇ ਹੋਏ ਸਨ ਅਰ ਇੱਕ ਦੂਏ ਨੂੰ ਸਿਖਾ ਸੱਕਦੇ ਸਨ" (15:14)। ਉਨ੍ਹਾਂ ਨੂੰ ਵਚਨ ਦੇ "ਦੁੱਧ" ਦੀ ਬਹੁਤ ਜ਼ਿਆਦਾ ਲੋੜ ਨਹੀਂ ਸੀ (ਜਿਹੜਾ ਕਿ ਅਸਾਨੀ ਨਾਲ ਪਚ ਜਾਂਦਾ ਹੈ), ਪਰ ਉਨ੍ਹਾਂ ਨੂੰ "ਠੋਸ ਭੋਜਨ ਅਰਥਾਤ ਅੰਨ" (ਜਿਹੜਾ ਕਿ ਅਸਾਨੀ ਨਾਲ ਨਹੀਂ ਪਚਦਾ) ਦੀ ਲੋੜ ਸੀ (ਵੇਖੋ ਇਬਰਾਨੀਆਂ 5:12)। ਜੇ ਨਵੇਂ ਨੇਮ ਦੀ ਕੋਈ ਕਿਤਾਬ "ਠੋਸ ਭੋਜਨ ਅਰਥਾਤ ਅੰਨ" ਦੇਣ ਦੇ ਯੋਗ ਹੈ ਤਾਂ ਉਹ ਰੋਮੀਆਂ ਦੀ ਪੱਤ੍ਰੀ ਹੈ। ਚਾਰਲਸ ਸਵਿੰਡੌਲ ਟਿੱਪਣੀ ਕਰਦੇ ਹਨ ਕਿ ਇਹ "ਆਤਮਾ ਲਈ ਇੱਕ ਹਲਕਾ ਭੋਜਨ ਨਹੀਂ ਹੈ," ਬਲਕਿ ਇਹ "ਆਤਮਾ ਲਈ ਇੱਕ ਠੋਸ ਭੋਜਨ ਹੈ।"[9]

ਇਸ ਤੋਂ ਇਲਾਵਾ, ਰੋਮੀਆਂ ਦੀ ਪੱਤ੍ਰੀ ਨਿਰਾ ਅੰਦਰੂਨੀ ਸਮੱਸਿਆਵਾਂ ਨਾਲ ਨਜਿੱਠਣ ਲਈ *ਨਹੀਂ* ਲਿਖੀ ਗਈ ਸੀ, ਜਿਵੇਂ ਕਿ ਪੌਲੁਸ ਦੀਆਂ ਦੂਜੀਆਂ ਪੱਤ੍ਰੀਆਂ ਲਿਖੀਆਂ ਗਈਆਂ ਸਨ। ਸ਼ਾਇਦ ਰੋਮ ਦੀ ਕਲੀਸੀਆ ਵਿੱਚ ਪਰਾਈ ਕੌਮ ਅਤੇ ਯਹੂਦੀ ਤੱਤਾਂ ਵਿਚਕਾਰ ਤਨਾਅ ਪੈਦਾ ਹੋ ਰਿਹਾ ਹੋਵੇਗਾ। ਜੇਕਰ ਇਸ ਤਰ੍ਹਾਂ ਹੈ, ਤਾਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਪੌਲੁਸ ਦੀ ਸੋਚ ਨੇ ਉਸ ਤਨਾਅ ਨੂੰ ਘੱਟ ਕਰਨ ਵਿੱਚ ਮਦਦ ਕੀਤੀ ਹੋਵੇਗੀ, ਪਰ ਉਸ ਸਥਿਤੀ ਨਾਲ ਨਜਿੱਠਣਾ ਉਸ ਦਾ ਮੁਢਲਾ ਮਕਸਦ ਨਹੀਂ ਸੀ।

ਅੰਤ ਵਿੱਚ, ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਇਸ ਪੱਤ੍ਰੀ ਦਾ ਮੁਢਲਾ ਮਕਸਦ ਪੌਲੁਸ ਦੁਆਰਾ ਹਿਸਪਾਨਿਯਾ (ਸਪੇਨ) ਨੂੰ ਜਾਣ ਲਈ ਚੰਦਾ ਇਕੱਠਾ ਕਰਨਾ *ਨਹੀਂ* ਸੀ (ਜਿਵੇਂ ਕਿ ਕੁਝ ਲੇਖਕ ਇਹ ਨਿਚੋੜ ਕੱਢਦੇ ਹਨ)। ਇਹ ਸੱਚ ਹੈ ਕਿ ਪੌਲੁਸ ਨੂੰ ਆਸ ਸੀ ਕਿ ਰੋਮ ਦੀ ਕਲੀਸੀਆ ਉਸ ਦੀ ਮਦਦ ਕਰੇਗੀ (15:24)। ਫਿਰ ਵੀ, ਜੇਕਰ ਉਸ ਦੀ ਪੱਤ੍ਰੀ ਦਾ ਮਕਸਦ ਆਰਥਿਕ ਮਦਦ ਪ੍ਰਾਪਤ ਕਰਨਾ ਹੀ ਹੁੰਦਾ ਤਾਂ ਉਹ ਉਨ੍ਹਾਂ ਮੰਡਲੀਆਂ ਕੋਲੋਂ ਆਰਥਿਕ ਮਦਦ ਪ੍ਰਾਪਤ ਕਰ ਸਕਦਾ ਸੀ ਜਿਹੜੀਆਂ ਉਸ ਤੋਂ ਅਤੇ ਉਸ ਦੇ ਕੰਮ ਤੋਂ

ਪਹਿਲਾਂ ਤੋਂ ਹੀ ਚੰਗੀ ਤਰਾਂ ਵਾਕਫ਼ ਸਨ।

ਤਾਂ ਫਿਰ, ਇਸ ਪੱਤ੍ਰੀ ਨੂੰ ਲਿਖਣ ਦਾ ਪੌਲੁਸ ਦਾ ਮਕਸਦ ਕੀ ਸੀ? ਰੋਮੀਆਂ ਦੀ ਪੱਤ੍ਰੀ ਇੱਕ *ਸਿੱਖਿਆ ਦੇਣ ਵਾਲਾ* ਦਸਤਾਵੇਜ਼ ਹੈ। ਪੌਲੁਸ ਨੇ ਕਿਹਾ ਕਿ ਉਹ ਰੋਮ ਵਿੱਚ ਵੱਸਦੇ ਮਸੀਹੀ ਲੋਕਾਂ ਦੇ ਦਰਸ਼ਣ ਨੂੰ ਬਹੁਤ ਤਰਸਦਾ ਹੈ ਤਾਂ ਕਿ ਓਹ "ਤਕੜੇ ਹੋ" ਸਕਣ (1:11)। ਇੱਕ ਤਰੀਕਾ ਸੀ ਜਿਸ ਦੇ ਨਾਲ ਉਹ ਉਨ੍ਹਾਂ ਨੂੰ "ਕਾਇਮ", ਜਾਂ "ਤਕੜੇ" ਕਰਨਾ ਚਾਹੁੰਦਾ ਸੀ ਅਤੇ ਉਹ ਸੀ ਸਿੱਖਿਆ ਦੇ ਰਾਹੀਂ (ਵੇਖੋ 16:25, 26; ਮੱਤੀ 28:20; ਰਸੂਲਾਂ ਦੇ ਕਰਤੱਬ 18:23)। ਕਿਉਂਕਿ (ਜਿਵੇਂ ਪਹਿਲਾਂ ਵੀ ਵੇਖਿਆ ਗਿਆ ਹੈ) ਨਿਸ਼ਚਿਤ ਸੰਭਾਵਨਾ ਇਹ ਸੀ ਕਿ ਉਹ ਕਦੀ ਰੋਮ ਨਹੀਂ ਪਹੁੰਚੇਗਾ, ਇਸ ਲਈ ਉਸ ਨੇ ਇੱਕ ਮਿਲਦਾ-ਜੁਲਦਾ ਮਕਸਦ ਪੂਰਾ ਕਰਨ ਲਈ ਇੱਕ ਪੱਤ੍ਰੀ ਭੇਜ ਦਿੱਤੀ। ਮੈਰਿਲ ਸੀ. ਟੈਨੀ ਇਸ ਤਰੀਕੇ ਨਾਲ ਲਿਖਦਾ ਹੈ:

> ਕੁਰਿੰਥੀਆਂ ਦੀ ਪੱਤ੍ਰੀ ਦੀ ਤੁਲਨਾ ਵਿੱਚ, ਰੋਮੀਆਂ . . . ਦੀ ਪੱਤ੍ਰੀ ਓਨੀ ਗਲਤੀਆਂ ਦੇ ਸੁਧਾਰ ਪ੍ਰਤੀ ਸਮਰਪਿਤ ਨਹੀਂ ਹੈ ਜਿੰਨੀ ਕਿ ਸਚਿਆਈ ਦੀ ਸਿੱਖਿਆ ਦੇ ਪ੍ਰਤੀ। ਹਾਲਾਂਕਿ ਇਸ ਵਿੱਚ ਮਸੀਹੀ ਵਿਚਾਰ ਦੇ ਸਾਰੇ ਖੇਤਰ ਸ਼ਾਮਲ ਨਹੀਂ ਹਨ—ਐਸਕਾਟੋਲੋਜੀ ["ਆਖ਼ਰੀ ਗੱਲਾਂ" ਦਾ ਅਧਿਐਨ] ਖਾਸ ਤੌਰ ਤੇ ਇਸ ਦੇ ਵਿਸ਼ੇ ਵਸਤੂ ਵਿੱਚ ਘੱਟ ਪਾਇਆ ਜਾਂਦਾ ਹੈ,[10] ਇਹ ਸਾਨੂੰ ਸੰਭਵਤਾ ਅਫ਼ਸੀਆਂ ਦੀ ਪੱਤ੍ਰੀ ਤੋਂ ਛੁੱਟ, ਪੌਲੁਸ ਦੀ ਕਿਸੇ ਹੋਰ ਪੱਤ੍ਰੀ ਨਾਲੋਂ ਮਸੀਹੀਅਤ ਦੇ ਦਿਲ ਦਾ ਪੂਰਾ ਅਤੇ ਵਧੇਰੇ ਵਿਵਸਥਿਤ ਵਿਚਾਰ ਨਹੀਂ ਦਿੰਦਾ ਹੈ। ਪੌਲੁਸ ਦੀਆਂ ਜ਼ਿਆਦਾਤਰ ਪੱਤ੍ਰੀਆਂ ਸੁਭਾਅ ਵਿੱਚ ਵਿਵਾਦਪੂਰਨ ਅਤੇ ਸੁਧਾਰਾਤਮਕ ਹਨ; ਰੋਮੀਆਂ ਦੀ ਪੱਤ੍ਰੀ ਖਾਸ ਕਰਕੇ ਸਿਖਿਆਤਮਕ [ਸਿਖਿਆਦਾਇਕ] ਹੈ।[11]

ਮੋਜ਼ਜ਼ ਈ. ਲਾਰਡ ਨੇ ਨਿਚੋੜ ਕੱਢਿਆ ਹੈ ਕਿ ਮਕਸਦ ਦੇ ਸਵਾਲ ਦਾ "ਸਭ ਤੋਂ ਵਧੀਆ ਜਵਾਬ ਪੱਤ੍ਰੀ ਦੀ ਵਿਸ਼ੇ-ਵਸਤੂ ਵਿੱਚ ਦਿੱਤਾ ਗਿਆ ਹੈ। ਏਹ ਵਿਸ਼ੇ-ਵਸਤੂ ਜਿਸ ਤਰ੍ਹਾਂ ਦਾ ਵੀ ਪ੍ਰਭਾਵ ਪੈਦਾ ਕਰਨ ਲਈ ਬਣਾਏ ਗਏ ਸਨ ਉਹੋ ਇਸ ਪੱਤ੍ਰੀ ਦਾ ਮਕਸਦ ਹੈ ਜਿਸ ਕਰਕੇ ਇਹ ਪੱਤ੍ਰੀ ਲਿਖੀ ਗਈ ਸੀ।"[12] ਜੇ. ਡੀ. ਥੌਮਸ ਨੇ ਇਸ ਪੁਸਤਕ ਦੀ ਇਸ ਤਰ੍ਹਾਂ ਰੂਪਰੇਖਾ ਦਿੱਤੀ ਹੈ "ਸਾਰੇ ਯੁੱਗਾਂ ਲਈ ਮੁਢਲੀ ਮਸੀਹੀਅਤ।"[13]

ਵਿਅਕਤੀ ਨੂੰ ਰੋਮ ਦੇ ਮਹੱਤਵ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਇੱਕ ਪਾਸੇ, ਜੇਕਰ ਪੌਲੁਸ ਉਸ ਸ਼ਹਿਰ ਵਿੱਚ ਪਹੁੰਚਿਆ ਸੀ, ਤਾਂ ਸ਼ਾਇਦ ਉਸ ਨੇ ਇਸ ਸ਼ਹਿਰ ਨੂੰ ਮਿਸ਼ਨਰੀ ਕੇਂਦਰ ਬਣਾਉਣ ਦੀ ਯੋਜਨਾ ਬਣਾਈ ਸੀ ਜਿੱਥੋਂ ਉਹ ਅਤੇ ਉਸ ਦੇ ਸਹਿਕਰਮੀ ਰੋਮੀ ਸਾਮਰਾਜ ਦੇ ਪੂਰਬੀ ਅੱਧ ਤੀਕ ਖੁਸ਼ਖ਼ਬਰੀ ਨੂੰ ਲੈ ਕੇ ਪਹੁੰਚ ਸਕਦੇ ਸਨ। ਰੋਮ ਨੂੰ ਉਸ ਦੀ ਪੱਤ੍ਰੀ ਇਸ ਲਈ ਰਾਹ ਨੂੰ ਤਿਆਰ ਕਰੇਗੀ। ਦੂਜੇ ਪਾਸੇ, ਜੇਕਰ ਪੌਲੁਸ ਰੋਮ ਵਿੱਚ *ਨਹੀਂ* ਪਹੁੰਚਿਆ ਸੀ, ਤਾਂ ਗੈਰ ਯਹੂਦੀ ਜਗਤ ਦੀ ਰਾਜਧਾਨੀ ਵਿੱਚ ਮਸੀਹੀਅਤ ਦੇ ਸੁਭਾਅ ਦੀ ਉਸ ਦੀ (ਪ੍ਰੇਰਿਤ) ਸਮਝ ਦੀ ਇੱਕ ਲਿਖਤ ਵਿਆਖਿਆ ਨੂੰ ਪੇਸ਼ ਕਰਨ ਦਾ ਕੋਈ ਮਹੱਤਵ ਨਹੀਂ ਹੋਵੇਗਾ।

ਕੀ ਪੌਲੁਸ ਸਮਝ ਗਿਆ ਸੀ ਕਿ ਉਹ *ਸਾਰੇ ਜੁੱਗਾਂ ਲਈ* ਮੁਢਲੀ ਮਸੀਹੀਅਤ ਦੀ ਰੂਪਰੇਖਾ ਦੇ ਰਿਹਾ ਸੀ? ਸ਼ਾਇਦ ਨਹੀਂ, ਪਰ ਸਪੱਸ਼ਟ ਤੌਰ ਤੇ ਆਤਮਾ ਦਾ ਇਹੋ ਇਰਾਦਾ ਸੀ ਕਿਉਂਕਿ ਰੋਮੀਆਂ ਦੀ ਪੱਤ੍ਰੀ ਇਸੇ ਮਕਸਦ ਨੂੰ ਪੂਰਾ ਕਰਦੀ ਹੈ। ਆਰ. ਸੀ. ਬੈੱਲ ਨੇ

ਇਸ ਨੂੰ "ਜੜ੍ਹ ਤੋਂ ਫਲ ਤੱਕ ਮਸੀਹੀਅਤ ਦਾ ਇੱਕ ਸੰਖੇਪ ਕਥਨ ਕਿਹਾ ਹੈ।"[14]

## ਪਿਛੋਕੜ

ਪੁਸਤਕ ਨੂੰ ਸਮਝਣ ਦੀ ਲੋੜੀਂਦੀ ਤਿਆਰੀ ਦੇ ਇੱਕ ਭਾਗ ਦੇ ਰੂਪ ਵਿੱਚ, ਸਮੱਸਿਆ ਜਿਸ ਨੂੰ ਪੌਲੁਸ ਦੁਆਰਾ ਸੰਬੋਧਿਤ ਕੀਤਾ ਗਿਆ ਸੀ ਉਸ ਦਾ ਪਹਿਲਾਂ ਤੋਂ ਹੀ ਗਿਆਨ ਹੋਣਾ ਜ਼ਰੂਰੀ ਹੈ। ਕਈ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਸੂਚੀਬੱਧ ਕੀਤਾ ਜਾ ਸਕਦਾ ਹੈ, ਕੁਝ ਲੇਖਕ ਦੇ ਦ੍ਰਿਸ਼ਟੀਕੋਣ ਤੋਂ, ਕੁਝ ਇਸ ਪੱਤ੍ਰੀ ਨੂੰ ਪ੍ਰਾਪਤ ਕਰਨ ਵਾਲਿਆਂ ਦੇ ਦ੍ਰਿਸ਼ਟੀਕੋਣ ਤੋਂ, ਪਰ ਸਾਡੀ ਤਤਕਾਲੀ ਦਿਲਚਸਪੀ ਪਿਛੋਕੜ ਦੀ ਉਸ ਮੁਸ਼ਕਿਲ ਵਿੱਚ ਹੈ ਜਿਸ ਦਾ ਸੰਬੰਧ ਪੌਲੁਸ ਨਾਲ ਹੈ। ਇਹ ਸੁਝਾਅ ਦੇਣਾ ਯਕੀਨਣ ਬਹੁਤ ਜ਼ਿਆਦਾ ਸਰਲ ਨਹੀਂ ਹੈ ਕਿ ਬੁਨਿਆਦੀ ਸਮੱਸਿਆ *ਇੱਕ ਮਸੀਹੀ ਵਿਅਕਤੀ ਦੇ ਮੂਸਾ ਦੀ ਸ਼ਰਾ ਨਾਲ ਸੰਬੰਧ* ਦੀ ਸੀ। ਕੁਝ ਮਸੀਹੀ ਯਹੂਦੀ (ਜਿਨ੍ਹਾਂ ਦਾ ਅਕਸਰ ਅੱਜ "ਯਹੂਦੀ ਉਪਦੇਸ਼ਕਾਂ" ਵਜੋਂ ਹਵਾਲਾ ਦਿੱਤਾ ਜਾਂਦਾ ਹੈ) ਇਹ ਸਿੱਖਿਆ ਦੇ ਰਹੇ ਸਨ ਕਿ, ਯਿਸੂ ਅਤੇ ਰਸੂਲਾਂ ਦੀਆਂ ਸਿੱਖਿਆਵਾਂ ਤੋਂ ਇਲਾਵਾ, ਪਰਾਈਆਂ ਕੌਮਾਂ ਨੂੰ ਮੂਸਾ ਦੀ ਸ਼ਰਾ ਦੀ ਵੀ ਪਾਲਣਾ ਕਰਨ ਦੀ ਲੋੜ ਹੈ। ਇਹ ਕੋਈ ਨਵੀਂ ਸਮੱਸਿਆ ਨਹੀਂ ਸੀ; ਪੌਲੁਸ ਇਸ ਸਮੱਸਿਆ ਨਾਲ ਗਲਾਤੀਆਂ ਦੀ ਪੱਤ੍ਰੀ ਵਿੱਚ ਵੀ ਨਜਿੱਠ ਚੁੱਕਾ ਸੀ।

ਰੋਮੀਆਂ ਦੀ ਪੱਤ੍ਰੀ ਵਿੱਚ ਪੌਲੁਸ ਦਾ ਮੂਲ ਜਵਾਬ ਬਿਲਕੁਲ ਉਸੇ ਤਰ੍ਹਾਂ ਦਾ ਸੀ ਜਿਸ ਤਰ੍ਹਾਂ ਦਾ ਗਲਾਤੀਆਂ ਦੀ ਪੱਤ੍ਰੀ ਵਿੱਚ ਸੀ: ਮੂਸਾ ਦੀ ਸ਼ਰਾ ਦੇ ਰਾਹੀਂ ਕੋਈ ਮਨੁੱਖ ਧਰਮੀ *ਨਹੀਂ* ਠਹਿਰਦਾ (3:20)। ਫਿਰ ਵੀ, ਰੋਮੀਆਂ ਦੀ ਪੱਤ੍ਰੀ ਵਿੱਚ ਪੌਲੁਸ ਨੇ ਆਪਣੇ ਜਵਾਬ ਦਾ ਖੁੱਲ੍ਹ ਕੇ ਵਰਣਨ ਕੀਤਾ। ਗਲਾਤੀਆਂ ਦੀ ਪੱਤ੍ਰੀ ਵਿੱਚ, ਉਸ ਨੇ ਇਹ ਦਲੀਲ ਦਿੱਤੀ ਸੀ ਕਿ ਸ਼ਰਾ ਅਸਥਾਈ ਹੈ, ਨਾ ਕਿ ਸਥਾਈ। ਰੋਮੀਆਂ ਦੀ ਪੱਤ੍ਰੀ ਵਿੱਚ, ਉਸ ਨੇ ਇਸੇ ਸਚਿਆਈ ਨੂੰ ਸਿਖਾਇਆ (7:1-4) ਪਰ ਇਸ ਮਸਲੇ ਨੂੰ ਹੋਰ ਅੱਗੇ ਲੈ ਕੇ ਗਿਆ: ਮਨੁੱਖ ਮੂਸਾ ਦੀ ਸ਼ਰਾ ਦੇ ਰਾਹੀਂ ਧਰਮੀ ਨਹੀਂ ਠਹਿਰ ਸਕਦਾ ਕਿਉਂਕਿ ਕੋਈ ਸ਼ਰਾ ਉਸ ਨੂੰ ਬਚਾਉਣ ਲਈ ਕਾਫੀ ਨਹੀਂ ਹੈ। ਉਸ ਉੱਤੇ ਦਯਾ ਅਤੇ ਕਿਰਪਾ ਹੋਣੀ ਚਾਹੀਦੀ ਹੈ, ਨਹੀਂ ਤਾਂ ਉਸ ਕੋਲ ਕੋਈ ਆਸ ਨਹੀਂ ਹੈ! ਪੌਲੁਸ ਨੇ ਇਹ ਨਿਚੋੜ ਕੱਢਿਆ ਕਿ ਸਾਡੀ ਮੁਕਤੀ ਦੇ ਆਧਾਰ ਦੇ ਰੂਪ ਵਿੱਚ ਸਿਰਫ ਨਿਹਚਾ ਹੀ ਸਵੀਕਾਰ ਕਰਨ ਯੋਗ ਹੈ, ਕਿਉਂਕਿ ਜੇਕਰ ਮਨੁੱਖ ਉਸ ਦੇ ਕੰਮਾਂ ਦੇ ਆਧਾਰ ਤੇ ਬਚਾਇਆ ਜਾਂਦਾ ਹੁੰਦਾ, ਤਾਂ ਉਸ ਦੀ ਮੁਕਤੀ ਕਿਰਪਾ ਦੇ ਰਾਹੀਂ ਨਹੀਂ ਹੋਣੀ ਸੀ (11:6)।

ਜਿਵੇਂ-ਜਿਵੇਂ ਅਸੀਂ ਇਸ ਪੁਸਤਕ ਵਿੱਚ ਅੱਗੇ ਵੱਧਦੇ ਜਾਵਾਂਗੇ, ਪੌਲੁਸ ਦੀ ਸੋਚ ਹੋਰ ਜ਼ਿਆਦਾ ਸਪੱਸ਼ਟ ਹੁੰਦੀ ਜਾਵੇਗੀ। ਫਿਰ ਵੀ, ਅਧਿਐਨ ਦੀ ਸ਼ੁਰੂਆਤ ਵਿੱਚ ਹੀ ਇਸ ਦੀ ਰੂਪਰੇਖਾ ਨੂੰ ਵੇਖਣਾ ਇਸ ਦੀ ਤਤਕਾਲੀ ਪਹਿਚਾਣ ਲਈ ਇੱਕ ਮੰਚ ਤਿਆਰ ਕਰੇਗਾ। ਜਿਵੇਂ-ਜਿਵੇਂ ਵਿਦਿਆਰਥੀ ਇਸ ਨੂੰ ਧਿਆਨ ਵਿੱਚ ਰੱਖਦਾ ਜਾਵੇਗਾ, ਉਹ ਇਸ ਸੱਚ ਨੂੰ ਵੱਡੇ ਤੋਂ ਵੱਡਾ ਹੁੰਦਾ ਵੇਖੇਗਾ।

## ਮਹੱਤਵ

ਇਹ ਕਿਹਾ ਜਾਂਦਾ ਹੈ ਕਿ ਰੋਮੀਆਂ ਦੀ ਪੱਤ੍ਰੀ ਵਿੱਚ "ਮਸੀਹੀਅਤ ਦੇ ਦਿਲ ਦੀ ਧੜਕਣ

ਹੈ।" ਇਸ ਦੇ ਮਹੱਤਵ ਦੀਆਂ ਅਨੇਕਾਂ ਗਵਾਹੀਆਂ ਦਿੱਤੀਆਂ ਜਾ ਸਕਦੀਆਂ ਹਨ।[15] ਸੈਮੂਏਲ ਟੇਲਰ ਕੋਲਰਿਜ ਨੇ ਇਸ ਕਿਤਾਬ ਨੂੰ "ਹੋਂਦ ਵਿੱਚ ਸਭ ਤੋਂ ਡੂੰਘੀ ਰਚਨਾ" ਕਿਹਾ ਹੈ। ਐਲਗਜੰਡਰ ਕੈਂਪਬੈੱਲ ਨੇ ਕਿਹਾ ਹੈ ਕਿ ਰੋਮੀਆਂ ਦੀ ਪੱਤ੍ਰੀ ਦਾ ਸੰਦੇਸ਼ ਪੌਲੁਸ ਦੀਆਂ ਸਾਰੀਆਂ ਪੱਤ੍ਰੀਆਂ ਦੀ ਕੁੰਜੀ ਹੈ।[16] ਟੈਨੀ ਨੇ ਇਸ ਪੱਤ੍ਰੀ ਦਾ "ਮਸੀਹੀ ਥਿਓਲੋਜੀ ਦੇ ਥੰਮ੍ਹ" ਵਜੋਂ ਹਵਾਲਾ ਦਿੱਤਾ ਹੈ।[17] ਅਗਸਟਿਨ, ਲੂਥਰ, ਮੂਡੀ ਵਰਗੇ ਧਾਰਮਿਕ ਆਗੂਆਂ ਨੇ ਉਨ੍ਹਾਂ ਦੀਆਂ ਜ਼ਿੰਦਗੀਆਂ ਵਿੱਚ ਰੋਮੀਆਂ ਦੀ ਪੱਤ੍ਰੀ ਨੂੰ ਇੱਕ ਪ੍ਰੇਰਨਾਦਾਇਕ ਸ਼ਕਤੀ ਵਜੋਂ ਸਰਾਹਿਆ ਹੈ। ਐਡਵਰਡ ਫੱਜ ਨੇ ਇਸ ਪੱਤ੍ਰੀ ਨੂੰ "ਕਲੀਸੀਆ ਇਤਿਹਾਸ ਨੂੰ ਆਕਾਰ ਦੇਣ ਵਾਲੀ ਪੱਤ੍ਰੀ" ਕਿਹਾ ਹੈ।[18]

ਕਹਿਣ ਦਾ ਇਹ ਭਾਵ ਨਹੀਂ ਹੈ ਕਿ ਰੋਮੀਆਂ ਦੀ ਪੱਤ੍ਰੀ ਨਵੇਂ ਨੇਮ ਦੀਆਂ ਪੁਸਤਕਾਂ ਵਿੱਚੋਂ ਸਭ ਤੋਂ ਮਹੱਤਵਪੂਰਣ ਪੁਸਤਕ ਹੈ ਜਾਂ ਇਹ ਕਿ ਇਸ ਤੇ ਧਿਆਨ ਕੇਂਦਰਿਤ ਕਰਨ ਲਈ ਨਵੇਂ ਨੇਮ ਦੀਆਂ ਦੂਜੀਆਂ ਪੁਸਤਕਾਂ ਨੂੰ ਨਜ਼ਰਅੰਦਾਜ਼ ਕਰ ਦੇਣਾ ਚਾਹੀਦਾ ਹੈ। ਜੇਮਸ ਬਰਟਨ ਕੋਫਮੈਨ ਨੇ ਸਹੀ ਹੀ ਕਿਹਾ ਕਿ "ਪਵਿੱਤਰ ਰਚਨਾਵਾਂ ਦੇ ਕਿਸੇ ਇੱਕ ਭਾਗ ਨੂੰ ਦੂਜੇ ਭਾਗ ਨਾਲੋਂ ਜ਼ਿਆਦਾ ਵਡਿਆਉਣਾ ਹਮੇਸ਼ਾ ਖ਼ਤਰਨਾਕ ਹੈ, ਖਾਸ ਕਰਕੇ ਜੇਕਰ ਇਸ ਤਰ੍ਹਾਂ ਕਰਨ ਵਿੱਚ ਪਰਮੇਸ਼ੁਰ ਦੇ ਪਰਕਾਸ਼ ਦੀ ਮੂਲ ਏਕਾਤਮਕਤਾ ਵਿੱਚ ਵਿਘਨ ਪੈਂਦਾ ਹੈ।"[19] ਡੱਗਲਸ ਜੇ. ਮੂ ਨੇ ਦੱਸਿਆ ਹੈ ਕਿ ਰੋਮੀਆਂ ਨੂੰ ਲਿਖੀ ਗਈ ਪੱਤ੍ਰੀ ਵਿੱਚੋਂ "ਕ੍ਰਿਸਟੋਲੋਜੀ ਜਾਂ ਮਸੀਹ ਸ਼ਾਸਤਰ ਦੀ ਮਹੱਤਵਪੂਰਣ ਚਰਚਾ [ਮਸੀਹ ਦੀ ਜ਼ਿੰਦਗੀ, ਚਰਿੱਤਰ ਅਤੇ ਸੁਭਾਅ ਦਾ ਅਧਿਐਨ], ਜਾਂ ਐਸਕਾਟੋਲੋਜੀ [ਦੂਜੀ ਆਮਦ ਸਮੇਤ 'ਆਖ਼ਰੀ ਗੱਲਾਂ' ਦਾ ਅਧਿਐਨ], ਜਾਂ ਕਲੀਸੀਆ ਸ਼ਾਸਤਰ [ਕਲੀਸੀਆ ਦਾ ਅਧਿਐਨ ਅਤੇ ਪਰਮੇਸ਼ੁਰ ਦੀ ਸਦੀਪਕ ਯੋਜਨਾ (ਵੇਖੋ ਅਫ਼ਸੀਆਂ 3:10, 11)] ਗਾਇਬ ਹਨ।"[20]

ਰੋਮੀਆਂ ਦੀ ਪੱਤ੍ਰੀ ਸਭ ਤੋਂ ਮਹੱਤਵਪੂਰਣ ਨਹੀਂ ਹੈ, ਪਰ ਇਹ ਮਹੱਤਵਪੂਰਣ ਹੈ— ਬਹੁਤ ਹੀ ਜ਼ਿਆਦਾ ਮਹੱਤਵਪੂਰਣ। ਐਂਡਰਸ ਨਾਈਜਰੇਨ ਨੇ ਇਸ ਪੱਤ੍ਰੀ ਨੂੰ "ਪੌਲੁਸ ਅਨੁਸਾਰ ਇੰਜੀਲ ਸਮਝਿਆ ਸੀ।"[21] ਜੌਨ ਆਰ. ਡਬਲਿਯੂ. ਸਟੌਟ ਨੇ ਇਸ ਦੀ ਇਸ ਤਰ੍ਹਾਂ ਪਰਿਭਾਸ਼ਾ ਦਿੱਤੀ ਹੈ:

> ਰੋਮੀਆਂ ਦੀ ਪੱਤ੍ਰੀ ਨਵੇਂ ਨੇਮ ਵਿੱਚ ਮਸੀਹੀ ਇੰਜੀਲ ਦਾ ਸਭ ਤੋਂ ਸੰਪੂਰਨ ਅਤੇ ਉਚਿਤ ਘੋਸ਼ਣਾਪੱਤਰ ਹੈ। ਇਸ ਵਿੱਚ ਪੌਲੁਸ ਰਸੂਲ ਨੇ "ਪਰਮੇਸ਼ੁਰ ਦੀ ਸਾਰੀ ਮੱਤ ਦਾ ਭੇਤ ਖੋਲ੍ਹਿਆ ਹੈ।" . . . ਉਸ ਦੀ ਵਿਆਖਿਆ ਦੇ ਬਾਰੇ ਇੱਕ ਮਹਾਨਤਾ, ਇੱਕ ਵਿਸ਼ਾਲਤਾ, ਇੱਕ ਦਲੀਲ ਹੈ ਜਿਸ ਦੀ ਹਰ ਪਾਸਿਓਂ ਸਰਾਹਨਾ ਕੀਤੀ ਗਈ ਹੈ ਅਤੇ ਇਸ ਨੇ ਅੱਗੇ ਆਉਣ ਵਾਲੀਆਂ ਸਾਰੀਆਂ ਪੀੜ੍ਹੀਆਂ ਨੂੰ ਇਸ ਦਾ ਅਧਿਐਨ ਕਰਨ ਲਈ ਮਜਬੂਰ ਕੀਤਾ ਹੈ।[22]

ਕਰਿਸੋਸਟੋਮ ਨੇ ਇਸ ਪੱਤ੍ਰੀ ਨੂੰ ਪੌਲੁਸ ਦੀ "ਆਤਮਕ ਤੁਰ੍ਹੀ"[23] ਕਿਹਾ ਹੈ। ਤੁਰ੍ਹੀਆਂ ਸਾਡੇ ਧਿਆਨ ਨੂੰ ਖਿੱਚਦੀਆਂ ਹਨ, ਸਾਨੂੰ ਨੀਂਦ ਤੋਂ ਜਗਾਉਂਦੀਆਂ ਹਨ ਅਤੇ ਪੌਲੁਸ ਦੀ ਪੱਤ੍ਰੀ ਵੀ ਇਹੋ ਕੁਝ ਕਰਦੀ ਹੈ!

ਰੋਮ ਨੂੰ ਲਿਖੀ ਇਸ ਪੱਤ੍ਰੀ ਦੇ ਮਹੱਤਵ ਤੋਂ ਇਹੋ ਪਤਾ ਲੱਗਦਾ ਹੈ ਕਿ ਪੌਲੁਸ (ਅਤੇ ਪਰਮੇਸ਼ੁਰ) ਦੀ ਮਨਸ਼ਾ ਇਹੋ ਸੀ ਕਿ ਲੋਕ ਇਸ ਪੱਤ੍ਰੀ ਨੂੰ ਸਮਝਣ। ਰੋਮੀਆਂ ਦੀ ਪੱਤ੍ਰੀ ਭੈਭੀਤ ਕਰਨ ਵਾਲੀ ਹੋ ਸਕਦੀ ਹੈ। ਇਹ ਇੱਕ ਆਮ ਪੱਤਰ-ਵਿਹਾਰ ਨਹੀਂ ਹੈ, ਨਾ ਹੀ ਇਹ

ਇੱਕ ਧਾਰਮਿਕ ਨਿਬੰਧ ਹੈ ਜੋ ਪੌਲੁਸ ਦੁਆਰਾ ਬਿਨਾਂ ਸੋਚੇ ਸਮਝੇ ਊਟ ਪਟਾਂਗ ਢੰਗ ਨਾਲ ਲਿਖਿਆ ਗਿਆ ਹੋਵੇ। ਰੋਮੀਆਂ ਦੀ ਪੱਤ੍ਰੀ ਵਿੱਚ ਔਖੇ ਬੰਦਾਂ ਨਾਲ ਜੂਝਣ ਤੋਂ ਬਾਅਦ, ਕੋਈ ਵੀ ਵਿਅਕਤੀ ਇਹ ਨਿਚੋੜ ਕੱਢ ਸਕਦਾ ਹੈ ਕਿ ਇਹ ਦਸਤਾਵੇਜ਼ ਪਤਰਸ ਦੇ ਮਨ ਵਿੱਚ ਸੀ ਜਦੋਂ ਉਸ ਨੇ ਕਿਹਾ ਕਿ ਪੌਲੁਸ ਦੀ ਪੱਤ੍ਰੀ ਦੀਆਂ ਕਈਆਂ ਗੱਲਾਂ ਨੂੰ "ਸਮਝਣਾ ਔਖਾ" ਹੈ (2 ਪਤਰਸ 3:16)। ਹੈਨਰੀ ਐਚ. ਹੈਲੀ ਨੇ ਦੋ ਕਾਰਣ ਦੱਸੇ ਹਨ ਕਿ ਰੋਮੀਆਂ ਦੀ ਪੱਤ੍ਰੀ ਨੂੰ ਸਮਝਣਾ ਔਖਾ ਕਿਉਂ ਹੈ:

> ਪਹਿਲਾ ਕਾਰਣ ਹੈ ਪੌਲੁਸ ਦੀ ਸਾਹਿਤਕ ਸ਼ੈਲੀ। ਉਸ ਨੂੰ ਇਹ ਆਦਤ ਸੀ ਕਿ ਉਹ ਇੱਕ ਵਾਕ ਸ਼ੁਰੂ ਕਰਕੇ ਫਿਰ ਉਸ ਵਾਕ ਤੋਂ ਲਾਂਭੇ ਚਲਾ ਜਾਂਦਾ ਸੀ, ਇਸ ਕਰਕੇ ਕੁਝ ਮਾਮਲਿਆਂ ਵਿੱਚ ਬਿਲਕੁਲ ਪਿਛਲੇ ਵਾਕ ਨੂੰ ਸੋਧਣ ਕਰਨ ਦੀ ਬਜਾਇ, ਉਹ ਝੱਟ ਅਗਲੇ ਵਾਕਾਂ ਵਿੱਚ ਚਲਾ ਜਾਂਦਾ ਸੀ ਅਤੇ ਇਸ ਲਈ ਵਾਕਾਂ ਵਿੱਚ ਸੰਬੰਧ ਨੂੰ ਵੇਖਣਾ ਔਖਾ ਲੱਗਦਾ ਸੀ। ਦੂਜਾ ਕਾਰਣ ਇਹ ਹੈ ਕਿ ਇਹ ਪੱਤ੍ਰੀ ਇੱਕ ਸਮੱਸਿਆ ਦੇ ਬਾਰੇ ਹੈ ਜੋ ਸਾਡੇ ਲਈ ਬਿਲਕੁਲ ਵੀ ਕੋਈ ਸਮੱਸਿਆ ਨਹੀਂ ਹੈ, ਪਰ ਉਸ ਸਮੇਂ ਇਹ ਇੱਕ ਜਿੰਦਾ, ਬਲਦੀ ਹੋਈ ਸਮੱਸਿਆ ਸੀ: ਕੀ ਇੱਕ ਗੈਰ-ਯਹੂਦੀ ਵਿਅਕਤੀ ਇੱਕ ਯਹੂਦੀ-ਮੁਰੀਦ ਬਣਨ ਤੋਂ ਬਿਨਾਂ ਇੱਕ ਮਸੀਹੀ ਬਣ ਸਕਦਾ ਸੀ।[24]

ਇਨ੍ਹਾਂ ਦੋ ਕਾਰਣਾਂ ਦੇ ਨਾਲ ਇੱਕ ਤੀਜਾ ਕਾਰਣ ਹੋਰ ਵੀ ਜੋੜਿਆ ਜਾ ਸਕਦਾ ਹੈ: ਸਾਡੇ ਵਿੱਚੋਂ ਬਹੁਤ ਸਾਰੇ ਲੋਕ ਉਨ੍ਹਾਂ ਕੰਮਾਂ ਨੂੰ ਕਰਨ ਦੇ ਬਹੁਤ ਜ਼ਿਆਦਾ ਸ਼ੌਕੀਨ ਨਹੀਂ ਹੁੰਦੇ ਜਿਨ੍ਹਾਂ ਨੂੰ ਕਰਨ ਲਈ ਬਹੁਤ ਜ਼ਿਆਦਾ ਸੋਚ ਵਿਚਾਰ ਕਰਨ ਦੀ ਲੋੜ ਹੁੰਦੀ ਹੈ। ਰੋਮੀਆਂ ਦੀ ਪੱਤ੍ਰੀ ਚਕਰਾ ਦੇਣ ਵਾਲੀ ਹੋ ਸਕਦੀ ਹੈ। ਸਾਡੇ ਵਿੱਚੋਂ ਜਿਹੜੇ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਲੋਕਾਂ ਨੂੰ ਬਚਣ ਲਈ ਕੁਝ ਕਰਨਾ ਚਾਹੀਦਾ ਹੈ (ਰਸੂਲਾਂ ਦੇ ਕਰਤੱਬ 2:37, 38) ਉਨ੍ਹਾਂ ਨੂੰ ਉਹ ਬੰਦ ਉਲਝਣ ਵਾਲੇ ਜਾਪ ਸਕਦੇ ਹਨ ਜੋ ਕਹਿੰਦੇ ਹਨ ਕਿ ਮੁਕਤੀ ਉਸ ਲਈ ਇੱਕ ਤੋਹਫ਼ਾ ਹੈ "ਜਿਹੜਾ ਕਰਮ ਨਹੀਂ ਕਰਦਾ, ਪਰ ਵਿਸ਼ਵਾਸ ਕਰਦਾ ਹੈ" (ਰੋਮੀਆਂ 4:5)। ਜਿਨ੍ਹਾਂ ਨੂੰ ਇਹ ਯਕੀਨ ਹੈ ਕਿ ਰੋਮੀਆਂ ਦੀ ਪੱਤ੍ਰੀ ਸਿਖਾਉਂਦੀ ਹੈ ਕਿ ਮੁਕਤੀ "ਕੇਵਲ ਨਿਹਚਾ ਦੇ ਰਾਹੀਂ" ਹੈ ਓਹ ਇਹ ਪੜ੍ਹ ਕੇ ਪਰੇਸ਼ਾਨ ਹੋ ਸਕਦੇ ਹਨ ਕਿ ਪਰਮੇਸ਼ੁਰ "ਹਰੇਕ ਨੂੰ ਉਹ ਦੀਆਂ ਕਰਨੀਆਂ ਦੇ ਅਨੁਸਾਰ ਫਲ ਦੇਵੇਗਾ" (2:6)। ਰੋਮੀਆਂ ਦੀ ਪੱਤ੍ਰੀ ਉੱਤੇ ਵਿਚਾਰ, ਬਹੁਤ ਜ਼ਿਆਦਾ ਵਿਚਾਰ, ਗੰਭੀਰ ਵਿਚਾਰ ਦੀ ਲੋੜ ਹੈ। ਇਸ ਕਰਕੇ, ਯੂਜੀਨ ਪੀਟਰਸਨ ਨੇ ਇਸ ਪੱਤ੍ਰੀ ਨੂੰ "ਸੋਚ ਦਾ ਸਾਹਸੀ ਕੰਮ" ਕਿਹਾ ਹੈ।[25]

ਬੈੱਲ ਨੇ ਇਸ ਪੱਤ੍ਰੀ ਦਾ ਇਸ ਤਰ੍ਹਾਂ ਨਾਲ ਵਰਣਨ ਕੀਤਾ ਹੈ: "ਇਹ ਪੁਸਤਕ ਸਿਰਫ ਸੁਆਦ ਚੱਖਣ ਲਈ, ਜਾਂ ਕਾਹਲੀ-ਕਾਹਲੀ ਨਿਗਲ਼ਣ ਵਾਲੀ ਨਹੀਂ ਹੈ: ਇਹ ਇੱਕ ਅਜਿਹੀ ਪੁਸਤਕ ਹੈ ਜੋ 'ਚਬਾਉਣ ਲਈ ਅਤੇ ਪਚਾਉਣ ਲਈ ਹੈ'। . . . ਰੋਮੀਆਂ ਦੀ ਪੱਤ੍ਰੀ ਉਨ੍ਹਾਂ ਗੰਭੀਰ, ਉਤਸੁਕ, ਈਮਾਨਦਾਰ ਵਿਦਿਆਰਥੀਆਂ ਲਈ ਹੈ ਜਿਹੜੇ ਜ਼ਿੰਦਗੀ ਵਿੱਚ ਡੂੰਘੀਆਂ ਅਤੇ ਉੱਚ ਕੋਟੀ ਦੀਆਂ ਚੀਜ਼ਾਂ ਨੂੰ ਹਾਸਲ ਕਰਨਾ ਚਾਹੁੰਦੇ ਹਨ।"[26] ਪ੍ਰੈਨਟਿਸ ਮੀਡਰ ਦੀ ਮਿਸਾਲ, ਜਦੋਂ ਉਸ ਨੇ ਰੋਮੀਆਂ ਦੀ ਪੱਤ੍ਰੀ ਤੇ ਸੰਦੇਸ਼ਾਂ ਦੀ ਇੱਕ ਲੜੀ ਨੂੰ ਸ਼ੁਰੂ ਕੀਤਾ, ਇਹ ਸੀ: "ਅਸੀਂ ਪੇਤਲੇ ਪਾਣੀ ਵਿੱਚ ਨਹੀਂ ਹਾਂ; ਅਸੀਂ ਸੋਲਾਂ ਫੁੱਟ ਪਾਣੀ ਵਿੱਚ ਹਾਂ, ਪਾਣੀ ਸਾਡੇ ਸਿਰਾਂ ਤੋਂ ਜਾ ਰਿਹਾ ਹੈ!"[27]

ਫਿਰ ਵੀ ਇਹ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਰੋਮੀਆਂ ਦੀ ਪੱਤ੍ਰੀ ਨੂੰ ਸਮਝਣਾ ਨਾਮੁਮਕਿਨ ਨਹੀਂ ਹੈ। ਜ਼ਿੰਦਗੀ ਭਰ ਅਧਿਐਨ ਕਰਨ ਤੋਂ ਬਾਅਦ ਵੀ, ਇਸ ਪੱਤ੍ਰੀ ਦੇ ਕੁਝ ਭਾਗ ਅਗਿਆਤ ਹੀ ਰਹਿਣਗੇ; ਪਰ ਜੇਕਰ ਕੋਈ ਇਸ ਦੇ ਮੁੱਖ ਸੰਦੇਸ਼ ਨੂੰ ਸਮਝ ਨਹੀਂ ਸੀ ਸਕਦਾ, ਤਾਂ ਇਸ ਨੂੰ ਸਾਡੇ ਲਈ ਸੰਭਾਲ ਕੇ ਨਹੀਂ ਸੀ ਰੱਖਿਆ ਜਾਣਾ।

ਇਸ ਪੱਤ੍ਰੀ ਦੀਆਂ ਸਿੱਖਿਆਵਾਂ ਨੂੰ ਵਰਤੋਂ ਵਿੱਚ ਲਿਆਉਣ ਵਾਸਤੇ ਲੋੜੀਂਦਾ ਜਤਨ ਕਰਨ ਲਈ ਪਰਮੇਸ਼ੁਰ ਨੂੰ ਭਾਲਣ ਵਾਲਿਆਂ ਨੂੰ ਬਹੁਤ ਸਾਰੇ ਕਾਰਣ ਦਿੱਤੇ ਜਾ ਸਕਦੇ ਹਨ। ਪਤਰਸ ਨੇ ਨਾ ਸਿਰਫ ਇਹ ਕਿਹਾ ਸੀ ਕਿ ਪੌਲੁਸ ਦੀਆਂ ਲਿਖਤਾਂ ਨੂੰ ਸਮਝਣਾ ਔਖਾ ਹੈ, ਪਰ ਉਸ ਨੇ ਇਹ ਵੀ ਕਿਹਾ ਸੀ ਕਿ "ਕਚਘਰੜ ਅਤੇ ਡੋਲਣ ਵਾਲੇ" ਉਨ੍ਹਾਂ ਲਿਖਤਾਂ ਨੂੰ "ਆਪਣੀ ਬਰਬਾਦੀ ਲਈ ਮਰੋੜਦੇ ਹਨ" (2 ਪਤਰਸ 3:16)। ਕਿਸੇ ਨੂੰ ਵੀ ਉਨ੍ਹਾਂ ਨੂੰ ਜਵਾਬ ਦੇਣ ਦੇ ਯੋਗ ਹੋਣਾ ਚਾਹੀਦਾ ਹੈ ਜਿਹੜੇ ਰੋਮੀਆਂ 1—4 ਨੂੰ ਇਹ ਸਿਖਾਉਣ ਲਈ ਵਰਤਦੇ ਹਨ ਕਿ ਮੁਕਤੀ "ਕੇਵਲ ਨਿਹਚਾ ਦੇ ਰਾਹੀਂ ਹੈ," ਜਿਹੜੇ ਸੋਚਦੇ ਹਨ ਕਿ ਉਨ੍ਹਾਂ ਨੂੰ ਰੋਮੀਆਂ 5 ਵਿੱਚ "ਅਸਲੀ ਪਾਪ" ਦਾ ਸਿਧਾਂਤ ਲੱਭਦਾ ਹੈ ਅਤੇ ਜਿਹੜੇ ਕੁਦਰਤੀ ਵਿਧਾਨਕ ਸਿਧਾਂਤਾਂ ਲਈ ਰੋਮੀਆਂ 9—11 ਨੂੰ ਆਧਾਰ ਬਣਾਉਂਦੇ ਹਨ। ਇਸ ਤੋਂ ਵੀ ਵੱਧ ਮਹੱਤਵਪੂਰਣ ਇਹ ਹੈ ਕਿ ਇਹ ਪੱਤ੍ਰੀ ਇੱਕ ਮਨੁੱਖ ਲਈ ਕੀ ਕਰੇਗੀ ਉਸ ਦੇ ਕਾਰਨ ਹਰੇਕ ਨੂੰ ਰੋਮੀਆਂ ਦੀ ਪੱਤ੍ਰੀ ਨੂੰ ਕਿਸੇ ਵੀ ਸੂਰਤ ਵਿੱਚ ਸਮਝਣਾ ਚਾਹੀਦਾ ਹੈ। ਜਦੋਂ ਕੋਈ ਵਿਅਕਤੀ ਪੌਲੁਸ ਦੇ ਵਿਚਾਰ ਨੂੰ ਸਮਝ ਲੈਂਦਾ ਹੈ, ਇਹ ਉਸ ਲਈ ਜ਼ਿੰਦਗੀ ਨੂੰ ਬਦਲਣ ਵਾਲਾ ਇੱਕ ਅਨੁਭਵ ਹੋਵੇਗਾ। ਬੈੱਲ ਦੇ ਮਨਪਸੰਦ ਕਥਨਾਂ ਵਿੱਚੋਂ ਇੱਕ ਕਥਨ ਇਹ ਸੀ ਕਿ "ਜੇ ਤੁਸੀਂ ਰੋਮੀਆਂ ਦੀ ਪੱਤ੍ਰੀ ਨੂੰ ਸਮਝ ਲਿਆ ਹੈ, ਤਾਂ ਤੁਸੀਂ ਪਰਮੇਸ਼ੁਰ ਦੇ ਹੋ ਜਾਓਗੇ!"[28]

# ਵਿਸ਼ੇ

## ਵਿਸ਼ਾ ਕਥਨ

ਇਸ ਪੱਤ੍ਰੀ ਵਿੱਚ ਪਿਛੋਕੜ ਦੀ ਸਮੱਸਿਆ ਦੇ ਰੂਪ ਦੇ ਕਾਰਨ, ਕੁਝ ਲੋਕ ਇਹ ਜ਼ੋਰ ਦਿੰਦੇ ਹਨ ਕਿ ਰੋਮੀਆਂ 3:28 ਰੋਮੀਆਂ ਦੀ ਪੱਤ੍ਰੀ ਦੇ ਵਿਸ਼ੇ ਨੂੰ ਪਰਗਟ ਕਰਦੀ ਹੈ: "ਇਸ ਲਈ ਅਸੀਂ ਇਹ ਵਿਚਾਰਦੇ ਹਾਂ ਭਈ ਮਨੁੱਖ ਸ਼ਰਾ ਦੇ ਕਰਮਾਂ ਦੇ ਬਾਝੋਂ ਨਿਹਚਾ ਹੀ ਨਾਲ ਧਰਮੀ ਠਹਿਰਾਇਆ ਜਾਂਦਾ ਹੈ।" ਦੂਜੇ ਵਚਨਾਂ ਦਾ ਸੁਝਾਅ ਵੀ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚ 5:1 ਸ਼ਾਮਲ ਹੈ; ਪਰ ਜ਼ਿਆਦਾਤਰ ਲੋਕ ਵਿਸ਼ੇ ਦੇ ਪ੍ਰਗਟਾਵੇ ਵਜੋਂ 1:16, 1:17 ਨੂੰ ਜਾਂ ਦੋਵਾਂ ਦੇ ਸੁਮੇਲ ਨੂੰ ਪਸੰਦ ਕਰਦੇ ਹਨ:

> ਮੈਂ ਤਾਂ ਇੰਜੀਲ ਤੋਂ ਸ਼ਰਮਾਉਂਦਾ ਨਹੀਂ ਇਸ ਲਈ ਜੋ ਉਹ ਹਰੇਕ ਨਿਹਚਾਵਾਨ ਦੀ ਮੁਕਤੀ ਦੇ ਲਈ ਪਰਮੇਸ਼ੁਰ ਦੀ ਸ਼ਕਤੀ ਹੈ, ਪਹਿਲਾਂ ਯਹੂਦੀ ਫੇਰ ਯੂਨਾਨੀ ਦੇ ਲਈ। ਕਿਉਂ ਜੋ ਓਸ ਵਿੱਚ ਪਰਮੇਸ਼ੁਰ ਦਾ ਉਹ ਧਰਮ ਹੈ ਜੋ ਨਿਹਚਾ ਤੋਂ ਨਿਹਚਾ ਲਈ ਪਰਗਟ ਹੁੰਦਾ ਹੈ; ਜਿਵੇਂ ਕਿ [ਹਬੱਕੂਕ 2:4 ਵਿੱਚ] ਲਿਖਿਆ ਹੋਇਆ ਹੈ ਭਈ "ਧਰਮੀ ਨਿਹਚਾ ਤੋਂ ਜੀਉਂਦਾ ਰਹੇਗਾ" (1:16, 17)।

ਫਿਰ ਵੀ, ਲੇਖਕ ਇਨ੍ਹਾਂ ਆਇਤਾਂ ਵਿੱਚ ਦਿੱਤੇ ਮੁੱਖ ਸ਼ਬਦ ਤੇ ਸਹਿਮਤ ਨਹੀਂ ਹੁੰਦੇ।

ਕਈ "ਇੰਜੀਲ," ਕਈ "ਨਿਹਚਾ" ਅਤੇ ਕਈ ਹੋਰ "ਧਾਰਮਿਕਤਾ" ਅਤੇ "ਧਰਮੀ" ਤੇ ਜ਼ੋਰ ਦਿੰਦੇ ਹਨ। ਏਹ *ਸਾਰੇ* ਸ਼ਬਦ ਮਹੱਤਵਪੂਰਣ ਹਨ; ਇਨ੍ਹਾਂ ਵਿੱਚੋਂ ਕਿਸੇ ਸ਼ਬਦ ਨੂੰ ਵੀ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ।

## ਮੁੱਖ ਵਿਚਾਰ

ਨਵੇਂ ਨੇਮ ਦੇ ਲੇਖਕ ਦੀ ਪਹੁੰਚ ਨੂੰ ਪਹਿਲਾਂ ਤੋਂ ਹੀ ਜਾਣਨ ਦਾ ਇੱਕ ਤਰੀਕਾ ਉਸ ਦੀ ਪੁਸਤਕ ਦੀ ਸ਼ੁਰੂਆਤ ਦੀ ਉਸ ਦੀ ਸਮਾਪਤੀ ਨਾਲ ਤੁਲਨਾ ਕਰਨਾ ਹੈ। ਤਾਂ ਫਿਰ ਦੋ ਮਹੱਤਵਪੂਰਣ ਬੰਦ 1:1-6 ਅਤੇ 16:20-27 ਹਨ। ਕਿਹੜੇ ਸ਼ਬਦ, ਵਾਕ ਅਤੇ ਵਿਚਾਰ ਦੋਵਾਂ ਵਿੱਚ ਸਾਂਝੇ ਹਨ?

ਹਰ ਭਾਗ ਵਿੱਚ "ਮਸੀਹ" ਦਾ ਕਈ ਵਾਰ ਜ਼ਿਕਰ ਕੀਤਾ ਗਿਆ ਹੈ (1:1, 4, 6; 16:25, 27), ਜਿਵੇਂ ਕਿ "ਪਰਮੇਸ਼ੁਰ" ਦਾ (1:1, 4; 16:20, 26, 27)। ਪੌਲੁਸ ਦੇ ਸੰਦੇਸ਼ ਲਈ ਦੋਵੇਂ ਪ੍ਰਮੁੱਖ ਹਨ। "ਇੰਜੀਲ" ਸ਼ਬਦ ਦੋਵਾਂ ਬੰਦਾਂ ਵਿੱਚ ਲੱਭਦਾ ਹੈ (1:1; 16:25) ਅਤੇ ਉਸੇ ਤਰ੍ਹਾਂ "ਕਿਰਪਾ" ਵੀ (1:5; 16:24)। ਏਹ ਮੁੱਖ ਸ਼ਬਦ ਹੋਣਗੇ। ਰੋਮੀਆਂ 1:2 ਉਸ ਬਾਰੇ ਗੱਲ ਕਰਦੀ ਹੈ ਜੋ ਪਰਮੇਸ਼ੁਰ ਨੇ "ਨਬੀਆਂ ਦੇ ਰਾਹੀਂ ਧਰਮ ਪੁਸਤਕ ਵਿੱਚ ਅੱਗੋਂ ਹੀ ਬਚਨ ਦਿੱਤਾ ਸੀ," ਜਦ ਕਿ 16:26 ਉਸ ਬਾਰੇ ਗੱਲ ਕਰਦੀ ਹੈ ਜੋ "ਨਬੀਆਂ ਦਿਆਂ ਧਰਮ ਪੁਸਤਕਾਂ ਦੇ ਦੁਆਰਾ" ਪਰਗਟ ਕੀਤਾ ਗਿਆ ਸੀ। ਜਦੋਂ ਕੋਈ ਵਿਅਕਤੀ ਰੋਮੀਆਂ ਦੀ ਪੂਰੀ ਪੱਤ੍ਰੀ ਨੂੰ ਪੜ੍ਹਦਾ ਹੈ, ਉਹ ਗੌਰ ਕਰ ਸਕਦਾ ਹੈ ਕਿ ਪੌਲੁਸ ਆਪਣੀ ਦਲੀਲ ਨੂੰ ਸਹਾਰਾ ਦੇਣ ਲਈ ਬਾਰ-ਬਾਰ ਪੁਰਾਣੇ ਨੇਮ ਦੀਆਂ ਉਦਾਹਰਣਾਂ ਤੇ ਨਿਰਭਰ ਹੁੰਦਾ ਹੈ।

ਸਭ ਤੋਂ ਹੈਰਾਨ ਕਰ ਦੇਣ ਵਾਲੀਆਂ ਸਮਾਨਤਾਵਾਂ ਵਿੱਚੋਂ ਇੱਕ 1:5 ਅਤੇ 16:26 ਮਿਲਦੀ ਹੈ। 1:5 ਵਿੱਚ, ਪੌਲੁਸ ਨੇ ਲਿਖਿਆ ਕਿ ਉਸ ਨੂੰ ਰਸੂਲ ਦੀ ਪਦਵੀ ਇਸ ਲਈ ਮਿਲੀ ਹੈ ਤਾਂ ਕਿ ਉਹ "ਸਭਨਾਂ ਕੌਮਾਂ ਵਿੱਚ ਨਿਹਚਾ ਦੀ ਆਗਿਆਕਾਰੀ ਲਿਆਵੇ।" 16:26 ਵਿੱਚ, ਉਸ ਨੇ ਕਿਹਾ ਕਿ ਉਸ ਦੇ ਪ੍ਰਚਾਰ ਦੇ ਰਾਹੀਂ, ਇੰਜੀਲ "ਸਾਰੀਆਂ ਕੌਮਾਂ ਵਿੱਚ ਪਰਸਿੱਧ ਕੀਤੀ ਗਈ ਤਾਂ ਜੋ ਓਹਨਾਂ ਵਿੱਚ ਨਿਹਚਾ ਦੀ ਆਗਿਆਕਾਰੀ ਹੋ ਜਾਏ।" "ਪਰਾਈਆਂ ਕੌਮਾਂ" (ਗੈਰ ਯਹੂਦੀ) ਅਤੇ "ਕੌਮਾਂ" ਦੋਵਾਂ ਸ਼ਬਦਾਂ ਦਾ ਇੱਕੋ ਯੂਨਾਨੀ ਸ਼ਬਦ (ἔθνος, *ਏਥਨੋਸ*) ਤੋਂ ਅਨੁਵਾਦ ਕੀਤਾ ਗਿਆ ਹੈ। ਇਸ ਪੱਤ੍ਰੀ ਵਿੱਚ ਤਿੰਨ ਸੰਦੇਸ਼ ਇੱਕੋ ਧਾਗੇ ਵਿੱਚ ਪਰੋਏ ਲੱਗਦੇ ਹਨ:

ਇੱਕ ਧਰਮਸ਼ਾਸਤਰੀ ਸੰਦੇਸ਼: ਮੁਕਤੀ "ਨਿਹਚਾ" ਦੇ ਆਧਾਰ ਤੇ ਹੈ।

ਇੱਕ ਵਿਹਾਰਕ ਸੰਦੇਸ਼: ਇਹ ਨਿਹਚਾ "ਆਗਿਆਕਾਰੀ" ਵਿੱਚ ਪਰਗਟ ਹੁੰਦੀ ਹੈ। ਓਪਰੇ ਪਾਪੀਆਂ ਦੀ ਆਗਿਆਕਾਰੀ ਦਾ ਜ਼ਿਕਰ ਕੀਤਾ ਗਿਆ ਹੈ (ਵੇਖੋ 6:16, 17),[29] ਪਰ ਜਿਸ ਆਗਿਆਕਾਰੀ ਦੀ ਮਸੀਹੀ ਲੋਕਾਂ ਕੋਲੋਂ ਉਮੀਦ ਕੀਤੀ ਜਾਂਦੀ ਹੈ ਉਸ ਤੇ ਇਸ ਪੱਤ੍ਰੀ ਦੇ ਮਗਰਲੇ ਭਾਗ ਵਿੱਚ ਜ਼ੋਰ ਦਿੱਤਾ ਗਿਆ ਹੈ (ਅਧਿਆਇ 12—16)।

ਇੱਕ ਵਿਆਪਕ ਸੰਦੇਸ਼: ਮੁਕਤੀ "ਸਾਰੀਆਂ ਕੌਮਾਂ" ਲਈ ਹੈ। ਸਾਰੇ ਪਾਪ ਵਿੱਚ ਗੁਆਚੇ ਹੋਏ ਹਨ ਅਤੇ ਸਭਨਾਂ ਨੂੰ ਮੁਕਤੀ ਦੀ ਲੋੜ ਹੈ। ਸਾਰੇ ਲੋਕ ਇੱਕੋ ਤਰੀਕੇ ਨਾਲ

ਬਚਾਏ ਜਾਣਗੇ ਨਿਹਚਾ ਦੇ ਰਾਹੀਂ ਕਿਰਪਾ ਦੁਆਰਾ।

ਡੇਲ ਹਾਰਟਮੈਨ ਨੇ ਇਸ ਦੀ ਮਿਸਾਲ ਇਸ ਤਰ੍ਹਾਂ ਦਿੱਤੀ ਹੈ:[30] 1:1-6 ਵਿੱਚ, ਪੌਲੁਸ ਨੇ ਇੱਕ ਕਿੱਲੀ ਠੋਕੀ। 16:20-27 ਵਿੱਚ, ਉਸ ਨੇ ਇੱਕ ਹੋਰ ਕਿੱਲੀ ਠੋਕੀ। ਦੋਵਾਂ ਕਿੱਲੀਆਂ ਵਿਚਕਾਰ, ਉਸ ਨੇ ਇੱਕ ਰੱਸੀ ਬੰਨ੍ਹ ਦਿੱਤੀ ਜਿਸ ਉੱਤੇ ਉਸ ਨੇ ਆਪਣੀਆਂ ਦਲੀਲਾਂ ਅਤੇ ਸਿੱਟਿਆਂ ਨੂੰ ਟੰਗ ਦਿੱਤਾ।

### ਮੁੱਖ ਸ਼ਬਦ

ਸਾਨੂੰ ਰੋਮੀਆਂ ਦੀ ਪੱਤ੍ਰੀ ਵਿੱਚ ਗੌਰ ਕਰਨ ਲਈ ਬਹੁਤ ਸਾਰੇ ਮਹੱਤਵਪੂਰਣ ਸ਼ਬਦ ਮਿਲਦੇ ਹਨ। ਲੈਰੀ ਡੀਸਨ ਨੇ ਇਨ੍ਹਾਂ ਕਈ ਮੁੱਖ ਸ਼ਬਦਾਂ ਦੀ ਅਤੇ ਓਹ ਇਸ ਪੱਤ੍ਰੀ ਵਿੱਚ ਕਿੰਨੀ ਵਾਰ ਮਿਲਦੇ ਹਨ, ਇੱਕ ਸੂਚੀ ਬਣਾਈ ਹੈ।[31] ਇਨ੍ਹਾਂ ਸ਼ਬਦਾਂ ਦੀ ਗਿਣਤੀ ਵਰਤੇ ਗਏ ਅਨੁਵਾਦ ਦੇ ਅਨੁਸਾਰ ਵੱਖ-ਵੱਖ ਹੈ, ਪਰ ਹੇਠਾਂ ਡੀਸਨ ਦੀ ਸੂਚੀ ਵਿੱਚੋਂ ਇੱਕ ਨਮੂਨਾ ਦਿੱਤਾ ਗਿਆ ਹੈ:

"ਧਾਰਮਿਕਤਾ" (ਅਤੇ ਸੰਬੰਧਤ ਸ਼ਬਦ)—66 ਵਾਰ
"ਸ਼ਰਾ"—75 ਵਾਰ
"ਨਿਹਚਾ," "ਪਰਤੀਤ," "ਵਿਸ਼ਵਾਸ਼ ਕਰਨਾ"—61 ਵਾਰ
"ਪਾਪ," "ਪਾਪੀ," "ਪਾਪ ਭਰਿਆ"—58 ਵਾਰ
"ਮੌਤ," "ਮਰਨਾ," "ਮਾਰਨਾ"—48 ਵਾਰ
"ਸਰੀਰ," "ਸਰੀਰਕ," "ਸੰਸਾਰਕ"—30 ਵਾਰ
"ਕਿਰਪਾ"—25 ਵਾਰ
"ਪਵਿੱਤਰ" (ਅਤੇ ਸਬੰਧਿਤ ਸ਼ਬਦ)—24 ਵਾਰ

ਰੋਮੀਆਂ ਦੀ ਪੱਤ੍ਰੀ ਤੇ ਕੁਝ ਪਾਠ ਇਨ੍ਹਾਂ ਅਤੇ ਹੋਰਨਾਂ ਮੁੱਖ ਸ਼ਬਦਾਂ ਦੇ ਸ਼ਬਦ ਅਧਿਐਨਾਂ ਨਾਲ ਸ਼ੁਰੂ ਹੁੰਦੇ ਹਨ। ਇਸ ਅੰਕ ਵਿੱਚ ਅਤੇ ਇਸ ਦੇ ਸਾਥੀ ਅੰਕ ਵਿੱਚ, ਕੁਝ ਸ਼ਬਦ ਵੱਖਵੱਖ ਅਧਿਆਵਾਂ ਤੋਂ ਬਾਅਦ "ਵਧੇਰੇ ਅਧਿਐਨ ਲਈ" ਭਾਗਾਂ ਵਿੱਚ ਆਉਣਗੇ ਜਿਸ ਵਿੱਚ ਤੁਹਾਡਾ ਸ਼ਬਦਾਂ ਨਾਲ ਟਾਕਰਾ ਹੋਵੇਗਾ। ਏਹ ਭਾਗ ਤੁਹਾਨੂੰ ਇਹ ਵਿਖਾਉਣ ਵਿੱਚ ਮਦਦ ਕਰਨਗੇ ਕਿ ਕਿਵੇਂ ਪੌਲੁਸ ਨੇ ਉਸ ਦੇ ਆਪਣੇ ਸੋਚੇ ਸਮਝੇ ਢੰਗ ਨਾਲ ਉਸ ਦੇ ਵਿਚਾਰ ਨੂੰ ਵਿਕਸਿਤ ਕੀਤਾ।

## ਰੂਪਰੇਖਾ

ਪੌਲੁਸ ਦੀਆਂ ਬਹੁਤ ਸਾਰੀਆਂ ਪੱਤ੍ਰੀਆਂ ਧਰਮਸ਼ਾਸਤਰੀ ("ਡਾਕਟ੍ਰਿਨ ਸੰਬੰਧੀ") ਸਿੱਖਿਆ ਨਾਲ ਸ਼ੁਰੂ ਹੁੰਦੀਆਂ ਹਨ ਅਤੇ ਵਿਹਾਰਕ ਪ੍ਰਾਸੰਗਿਕਤਾ ਨਾਲ ਖ਼ਤਮ ਹੁੰਦੀਆਂ ਹਨ। ਰੋਮੀਆਂ ਦੀ ਪੱਤ੍ਰੀ ਵਿੱਚ ਵੀ ਕੁਝ ਇਸੇ ਤਰ੍ਹਾਂ ਹੀ ਹੈ ਪਰ ਲੇਖਕ ਦੋ ਮੁੱਖ ਵਿਚਾਰਾਂ ਵਾਲੇ ਬਿੰਦੂ ਬਾਰੇ ਸਹਿਮਤ ਨਹੀਂ ਹੁੰਦੇ। ਉਦਾਹਰਣ ਲਈ, ਕੁਝ ਲੇਖਕ ਧਰਮਸ਼ਾਸਤਰੀ ਭਾਗ ਵਿੱਚ 9 ਤੋਂ 11 ਅਧਿਆਵਾਂ ਨੂੰ ਸ਼ਾਮਲ ਕਰਦੇ ਹਨ, ਜਦਕਿ ਕੁਝ ਲੇਖਕ ਇਨ੍ਹਾਂ ਅਧਿਆਵਾਂ ਨੂੰ

ਪ੍ਰਾਸੰਗਿਕਤਾ ਦਾ ਨਾਂ ਦਿੰਦੇ ਹਨ। ਕੁਝ ਤਾਂ ਇਹ ਵੀ ਕਹਿੰਦੇ ਹਨ ਕਿ ਧਰਮਸ਼ਾਸਤਰੀ ਭਾਗ 5 ਅਧਿਆਇ ਨਾਲ ਹੀ ਖਤਮ ਹੋ ਜਾਂਦਾ ਹੈ।

ਪੱਤ੍ਰੀ ਦੀ ਰੂਪਰੇਖਾ ਬਣਾਉਣ ਦਾ ਇੱਕ ਸਭ ਤੋਂ ਸੌਖਾ ਤਰੀਕਾ ਇਸ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡਣਾ ਹੈ: ਪਹਿਲੇ ਅੱਠ ਅਧਿਆਇ (1—8) ਅਤੇ ਆਖ਼ਰੀ ਅੱਠ ਅਧਿਆਇ (9—16)। 1 ਤੋਂ 8 ਅਧਿਆਵਾਂ ਵਿੱਚ, ਪੌਲੁਸ ਨੇ ਆਪਣਾ ਆਧਾਰ ਸਥਾਪਿਤ ਕੀਤਾ; 9 ਤੋਂ 11 ਅਧਿਆਵਾਂ ਵਿੱਚ, ਪੌਲੁਸ ਨੇ ਸਮਝਾਇਆ ਕਿ ਉਸ ਦਾ ਆਧਾਰ ਉਸ ਨਾਲ ਕਿਵੇਂ ਮੇਲ ਕਰ ਸਕਦਾ ਹੈ ਜਿਸ ਨੂੰ ਜਿਮ ਮੈਕਗੁਈਗਨ ਨੇ "ਯਹੂਦੀ ਸਮੱਸਿਆ" ਕਿਹਾ ਹੈ।[32] 12 ਤੋਂ 16 ਅਧਿਆਵਾਂ ਵਿੱਚ, ਰਸੂਲ ਨੇ ਉਸ ਦੇ ਆਧਾਰ ਨੂੰ ਹਰ ਰੋਜ਼ ਦੀ ਜ਼ਿੰਦਗੀ ਦੀਆਂ ਚੁਣੌਤੀਆਂ ਤੇ ਲਾਗੂ ਕੀਤਾ ਹੈ। ਹੇਠਾਂ ਉਹ ਰੂਪਰੇਖਾ ਦਿੱਤੀ ਗਈ ਹੈ ਜੋ ਇਨ੍ਹਾਂ ਵਿਚਾਰਾਂ ਨੂੰ ਜੋੜਦੀ ਹੈ। ਇਹ ਰੂਪਰੇਖਾ ਕਿਸੇ ਦੇ ਵੀ ਪੜ੍ਹਨ ਅਤੇ ਅਧਿਐਨ ਕਰਨ ਲਈ ਇੱਕ ਪ੍ਰਬੰਧਕ ਦੇ ਤੌਰ ਤੇ ਵਰਤਣ ਲਈ ਮਦਦਗਾਰ ਹੈ। ਸਗੋਂ ਇਸ ਨੂੰ ਮੂੰਹ ਜ਼ੁਬਾਨੀ ਯਾਦ ਕਰਨ ਵਿੱਚ ਮਾਣ ਹੋਵੇਗਾ।

ਜਾਣ-ਪਛਾਣ (1:1-17)

I. ਡਾਕਟ੍ਰਿਨ ਸੰਬੰਧੀ (1:18—8:39)
   ੳ. ਸਜ਼ਾ (1:18—3:20)
      1. ਪਰਾਈਆਂ ਕੌਮਾਂ
      2. ਯਹੂਦੀ
   ਅ. ਧਰਮੀ ਠਹਿਰਾਏ ਜਾਣਾ (3:21—5:21)
   ੲ. ਪਵਿੱਤਰੀਕਰਣ (6:1—7:25)
   ਸ. ਮਹਿਮਾ (8:1-39)

II. ਵਿਹਾਰਕ (9:1—15:13)
   ੳ. ਵਿਆਖਿਆ (9:1—11:36)
      1. ਨਿਹਚਾ ਰਾਹੀਂ ਧਰਮੀ ਠਹਿਰਨ ਨੇ ਇਸਰਾਏਲ ਨਾਲ ਕੀਤੇ ਗਏ ਵਾਅਦਿਆਂ ਨਾਲ ਮੇਲ ਕਰਵਾਇਆ
      2. ਨਿਹਚਾ ਰਾਹੀਂ ਪਵਿੱਤਰ ਠਹਿਰਨ ਨੇ ਪਰਮੇਸ਼ੁਰ ਦੀ ਵਫ਼ਾਦਾਰੀ ਨਾਲ ਮੇਲ ਕਰਵਾਇਆ
   ਅ. ਪ੍ਰਾਸੰਗਿਕਤਾ (12:1—15:13)

ਨਿਚੋੜ (15:14—16:27)

ਉਨ੍ਹਾਂ ਦੀ ਰੂਪਰੇਖਾ ਵਿੱਚ, ਬਹੁਤ ਸਾਰੇ ਲੇਖਕ ਇਹੋ ਜਿਹੇ ਸ਼ਬਦਾਂ ਨੂੰ ਸ਼ਾਮਲ ਕਰਦੇ ਹਨ ਜਿਨ੍ਹਾਂ ਨੂੰ ਉਹ ਰੋਮੀਆਂ ਦੀ ਪੱਤ੍ਰੀ ਦੇ ਮੁੱਖ ਸ਼ਬਦ ਸਮਝਦੇ ਹਨ। ਇੱਥੇ ਇੱਕ ਰੂਪਰੇਖਾ

ਦਾ ਮੁੱਖ ਹਿੱਸਾ ਹੈ ਜੋ ਕਿ ਅਨੁਪ੍ਰਾਸ ਨੂੰ ਵਰਤਦਾ ਹੈ, ਜਿਸ ਵਿੱਚ “ਧਾਰਮਿਕਤਾ” ਸ਼ਬਦ ਆਉਂਦਾ ਹੈ:[33]

I. ਪਾਪ (1:18—3:20): ਧਾਰਮਿਕਤਾ ਦੀ ਲੋੜ
II. ਮੁਕਤੀ (3:21—5:21): ਧਾਰਮਿਕਤਾ ਥੋਪਣਾ
III. ਪਵਿੱਤਰਤਾਈ (6:1—8:39): ਧਾਰਮਿਕਤਾ ਪ੍ਰਦਾਨ ਕੀਤੀ ਗਈ
IV. ਸਰਵਸ੍ਰੇਸ਼ਟਤਾ (9:1—11:36): ਧਾਰਮਿਕਤਾ ਦਾ ਠੁਕਰਾਈ ਗਈ
V. ਸੇਵਾ (12:1—15:13): ਧਾਰਮਿਕਤਾ ਤੇ ਅਮਲ ਕੀਤਾ ਗਿਆ

# ਪ੍ਰਾਸੰਗਿਕਤਾ

## ਕਦੀ ਨਾ ਭੁੱਲਣ ਵਾਲਾ ਇੱਕ ਸਫ਼ਰ

ਅਸੀਂ ਇੱਕ ਸਫ਼ਰ ਦੀ ਸ਼ੁਰੂਆਤ ਕਰਨ ਜਾ ਰਹੇ ਹਾਂ। ਇਹ ਸਫ਼ਰ ਮਜ਼ੇਦਾਰ ਹੋਣਾ ਚਾਹੀਦਾ ਹੈ, ਪਰ ਕਦੀ-ਕਦੀ ਇਹ ਸਫ਼ਰ ਔਖਾ ਵੀ ਲੱਗੇਗਾ। ਫਿਰ ਵੀ, ਇਹ ਸਫ਼ਰ ਸਭ ਤੋਂ ਮਹੱਤਵਪੂਰਣ ਹੋ ਸਕਦਾ ਹੈ ਜੋ ਸ਼ਾਇਦ ਤੁਸੀਂ ਕਦੇ ਨਾ ਕੀਤਾ ਹੋਵੇ। ਅਸੀਂ ਰੋਮੀਆਂ ਦੀ ਪੱਤ੍ਰੀ ਦਾ ਸਫ਼ਰ ਕਰਾਂਗੇ।

ਕਿਸੇ ਵੀ ਸਫ਼ਰ ਤੇ ਜਾਣ ਤੋਂ ਪਹਿਲਾਂ, ਤਿਆਰੀ ਜ਼ਰੂਰੀ ਹੁੰਦੀ ਹੈ। ਅਸੀਂ ਆਪਣੇ ਨਾਲ ਕੱਪੜੇ ਅਤੇ ਖਾਣ ਨੂੰ ਕੁਝ ਚੀਜ਼ਾਂ ਲੈਂਦੇ ਹਾਂ ਅਤੇ ਸਹਾਇਤਾ ਲਈ ਨਕਸ਼ੇ ਵੀ ਲੈਂਦੇ ਹਾਂ। ਉਸੇ ਤਰ੍ਹਾਂ, ਇਹ ਜਾਣ ਪਛਾਣ ਤੁਹਾਨੂੰ ਅੱਗੇ ਆਉਣ ਵਾਲੇ ਸਫ਼ਰ ਲਈ ਤਿਆਰ ਕਰਨ ਵਾਸਤੇ ਹੈ। ਇਸ ਜਾਣ ਪਛਾਣ ਦਾ ਇੱਕ ਮਕਸਦ ਤੁਹਾਨੂੰ ਉਸ ਨਿਰਦੇਸ਼ਿਤ ਸਫ਼ਰ ਲਈ ਤਿਆਰ ਕਰਨਾ ਹੈ ਜੋ ਤੁਸੀਂ ਅਤੇ ਮੈਂ ਇਕੱਠੇ ਮਿਲ ਕੇ ਕਰਨ ਜਾ ਰਹੇ ਹਾਂ। ਇਸ ਜਾਣ ਪਛਾਣ ਦਾ ਇੱਕ ਹੋਰ ਮਕਸਦ ਰੋਮੀਆਂ ਦੀ ਪੱਤ੍ਰੀ ਦੇ ਰਾਹੀਂ ਤੁਹਾਨੂੰ “ਤੁਸੀਂ ਇਹ ਖੁਦ ਕਰੋ” ਮੁਹਿੰਮ ਲਈ ਤਿਆਰ ਕਰਨਾ ਵੀ ਹੈ।

ਨਿਰਦੇਸ਼ਿਤ ਸਫ਼ਰ ਅਤੇ “ਤੁਸੀਂ ਇਹ ਖੁਦ ਕਰੋ” ਦੌਰਿਆਂ, ਦੋਵਾਂ ਦੇ ਆਪਣੇ-ਆਪਣੇ ਮਜਬੂਤ ਅਤੇ ਕਮਜ਼ੋਰ ਪਖ ਹਨ। 1974 ਵਿੱਚ, ਮੇਰੇ ਪਰਿਵਾਰ ਨੇ ਅਤੇ ਮੈਂ ਆਪਣੇ-ਆਪ ਯੂਰਪ ਵਿੱਚ 45 ਦਿਨ ਗੁਜਾਰੇ, ਅਸੀਂ ਜਿਨ੍ਹਾਂ ਦੇਸ਼ਾਂ ਵਿੱਚ ਵੀ ਗਏ, ਅਸੀਂ ਉਨ੍ਹਾਂ ਦੇਸ਼ਾਂ ਦੀਆਂ ਭਾਸ਼ਾਵਾਂ ਤੋਂ ਅਣਜਾਣ ਸਾਂ। ਸਾਡਾ ਮੁਢਲਾ ਸ੍ਰੋਤ *ਯੂਰਪ ਆਨ ਫਾਇਵ ਟੂ ਟੈਨ ਡਾਲਰਸ ਏ ਡੇ* ਇੱਕ ਦਿਨ ਵਿੱਚ ਪੰਜ ਤੋਂ ਦਸ ਡਾਲਰਾਂ ਵਿੱਚ ਯੂਰਪ ਘੁੰਮੋ ਨਾਮ ਦੀ ਇੱਕ ਪੁਸਤਕ ਸੀ। ਮੈਂ ਇਸ ਦੌਰੇ ਤੇ ਆਪਣੀਆਂ ਟਿੱਪਣੀਆਂ ਨੂੰ ਜੋ ਸਿਰਲੇਖ ਦਿੱਤਾ ਉਹ ਕੁਝ ਇਸ ਤਰ੍ਹਾਂ ਸੀ “ਯੂਰਪ ਵਿੱਚ ਪੰਜ ਤੋਂ ਦਸ ਦਿਨਾਂ ਵਿੱਚੋਂ ਇੱਕ ਦਿਨ ਇਹੋ ਜਿਹਾ ਵੀ ਹੁੰਦਾ ਸੀ ਜਿਸ ਦਿਨ ਅਸੀਂ ਘਬਰਾ ਕੇ ਟੁੱਟ ਜਾਂਦੇ ਸਾਂ।” ਇਸ ਲਈ ਮੈਂ ਬਾਰ-ਬਾਰ ਇਹੋ ਕਾਮਨਾ ਕਰਦਾ ਸਾਂ (*ਉਤਸ਼ਾਹ ਨਾਲ* ਕਾਮਨਾ ਕਰਦਾ ਸਾਂ) ਕਿ ਸਾਨੂੰ “ਕੋਈ ਨਾ ਕੋਈ ਰਾਹ ਦੱਸਣ ਵਾਲਾ ਮਿਲ ਜਾਵੇ” (ਵੇਖੋ ਰਸੂਲਾਂ ਦੇ ਕਰਤੱਬ 8:31)।

1989 ਵਿੱਚ, ਮੇਰੀ ਪਤਨੀ ਜੋਅ ਅਤੇ ਮੈਨੂੰ ਬਾਰਾਂ ਦਿਨਾਂ ਲਈ ਤੁਰਕੀ (“ਏਸ਼ੀਆ ਦੀਆਂ ਸੱਤ ਕਲੀਸੀਆਵਾਂ” ਵਾਲੀ ਥਾਂ) ਅਤੇ ਯੂਨਾਨ ਦਾ ਦੌਰਾ ਕਰਨ ਦਾ ਮੌਕਾ ਮਿਲਿਆ।

ਅਸੀਂ ਉਨ੍ਹਾਂ ਬਾਰਾਂ ਦਿਨਾਂ ਵਿੱਚ ਇਨ੍ਹਾਂ ਕੁਝ ਵੇਖ ਲਿਆ ਜੋ ਕਿ ਅਸੀਂ ਇੱਕ ਮਹੀਨੇ ਵਿੱਚ ਵੀ ਨਹੀਂ ਸੀ ਵੇਖ ਸਕਦੇ। ਫਿਰ ਵੀ, ਜਦੋਂ ਸਾਡਾ ਸਮੂਹ ਇੱਕ ਥਾਂ ਤੋਂ ਦੂਜੀ ਥਾਂ ਤੇ ਕਾਹਲੀ-ਕਾਹਲੀ ਅੱਗੇ ਵਧਦਾ ਜਾਂਦਾ ਸੀ, ਮੈਂ ਅਕਸਰ ਇਹ ਇੱਛਾ ਕਰਦਾ ਸਾਂ ਕਿ ਮੈਨੂੰ ਇਸ ਪ੍ਰਾਚੀਨ ਸ਼ਹਿਰ ਜਾਂ ਉਸ ਪ੍ਰਾਚੀਨ ਸ਼ਹਿਰ ਦੇ ਖੰਡਰਾਂ ਵਿੱਚ ਘੁੰਮਣ ਫਿਰਨ ਲਈ ਇੱਕ ਦਿਨ ਹੀ ਮਿਲ ਜਾਂਦਾ। ਮੈਂ ਇਹੋ ਚਾਹੁੰਦਾ ਸੀ ਕਿ ਮੈਂ ਉਸ ਸਮੇਂ ਵਿੱਚ ਲੀਨ ਹੋ ਜਾਵਾਂ ਜਿਸ ਦੇ ਬਾਰੇ ਸਾਨੂੰ ਦੱਸਿਆ ਜਾ ਰਿਹਾ ਸੀ ਅਤੇ ਉਨ੍ਹਾਂ ਰਸੂਲਾਂ ਅਤੇ ਆਰੰਭਕ ਮਸੀਹੀ ਲੋਕਾਂ ਬਾਰੇ ਸੋਚਾਂ ਜਿਹੜੇ ਉਨ੍ਹਾਂ ਗਲੀਆਂ ਵਿੱਚ ਚਹਿਲ ਕਦਮੀ ਕਰਦੇ ਰਹੇ ਸਨ ਜਿਨ੍ਹਾਂ ਵਿੱਚ ਅਸੀਂ ਚੱਲ ਫਿਰ ਰਹੇ ਸਾਂ।

ਰੋਮੀਆਂ ਦੀ ਪੱਤ੍ਰੀ ਦਾ ਸਾਡਾ ਅਧਿਐਨ ਇੱਕ ਪ੍ਰਾਚੀਨ ਹੱਥਲਿਖਤ ਦਾ ਇੱਕ ਸਫ਼ਰ ਹੋਵੇਗਾ ਜੋ ਪਰਮੇਸ਼ੁਰ ਨੇ ਸਾਨੂੰ ਦਿੱਤੀ ਹੈ। ਤੁਹਾਡਾ ਗਾਈਡ ਹੋਣ ਦੇ ਨਾਤੇ, ਮੈਂ "ਦਿਲਚਸਪ ਥਾਵਾਂ" ਤੇ ਟਿੱਪਣੀਆਂ ਕਰਾਂਗਾ। ਮੈਂ ਜਿੰਨਾ ਹੋ ਸਕੇ ਇਸ ਸਫ਼ਰ ਨੂੰ ਪੂਰਾ ਮਜ਼ੇਦਾਰ ਅਤੇ ਤਨਾਅ-ਮੁਕਤ ਬਣਾਉਣ ਦੀ ਕੋਸ਼ਿਸ਼ ਕਰਾਂਗਾ। ਜਦੋਂ ਭੂ-ਦ੍ਰਿਸ਼ ਭਿਆਨਕ ਅਤੇ ਰਸਤਾ ਢਲਾਣ ਵਾਲਾ ਹੋਵੇਗਾ, ਮੈਂ ਤੁਹਾਨੂੰ ਚੜ੍ਹਨ ਵਿੱਚ ਮਦਦ ਕਰਾਂਗਾ। ਇਸ ਦੇ ਨਾਲ-ਨਾਲ, ਤੁਹਾਨੂੰ ਤੁਹਾਡਾ ਆਪਣਾ ਵਿਅਕਤੀਗਤ ਸਫ਼ਰ ਕਰਨ ਦੀ ਵੀ ਲੋੜ ਹੈ। ਮੇਰੀਆਂ ਟਿੱਪਣੀਆਂ ਨੂੰ ਪੜ੍ਹਨ ਤੋਂ ਪਹਿਲਾਂ, ਤੁਸੀਂ ਉਸ ਬੰਦ ਨੂੰ ਜਿਸ ਤੇ ਮੈਂ ਟਿੱਪਣੀ ਕਰਾਂਗਾ, ਖੁਦ ਕਈ ਵਾਰ ਪੜ੍ਹੋ। ਇਸ ਤੇ ਸੋਚ ਵਿਚਾਰ ਕਰੋ; ਇਸ ਦੇ ਬਾਰੇ ਪ੍ਰਾਰਥਨਾ ਕਰੋ। ਆਪਣੇ ਆਪ ਨੂੰ ਪੁੱਛੋ, "ਪੌਲੁਸ ਮੂਲ ਪਾਠਕਾਂ ਨੂੰ ਕੀ ਕਹਿ ਰਿਹਾ ਸੀ?" ਫਿਰ ਇਹ ਪੁੱਛੋ ਕਿ, "ਇਨ੍ਹਾਂ ਆਇਤਾਂ ਵਿੱਚ ਪਰਮੇਸ਼ੁਰ *ਮੈਨੂੰ* ਕੀ ਕਹਿ ਰਿਹਾ ਹੈ?"

ਸਾਡੇ ਇਸ ਸਫ਼ਰ ਬਾਰੇ ਆਪਣੇ ਮਨਾਂ ਨੂੰ ਤਿਆਰ ਕਰਨ ਵਾਸਤੇ ਅਤੇ ਤੁਹਾਨੂੰ ਤੁਹਾਡੇ ਵਿਅਕਤੀਗਤ ਸਫ਼ਰ ਲਈ ਤਿਆਰ ਕਰਨ ਵਾਸਤੇ ਹੋਰ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ, ਪਰ ਜਾਣ-ਪਛਾਣ ਵਿੱਚ ਦਿੱਤੀ ਗਈ ਜਾਣਕਾਰੀ ਹੁਣ ਵਾਸਤੇ ਕਾਫੀ ਹੋਣੀ ਚਾਹੀਦੀ ਹੈ। ਹੁਣ ਸਮਾਂ ਆ ਗਿਆ ਹੈ ਕਿ ਤੁਸੀਂ ਇਸ ਨੂੰ ਉਸੇ ਤਰ੍ਹਾਂ ਪੜ੍ਹਨਾ ਸ਼ੁਰੂ ਕਰੋ ਜਿਵੇਂ ਮੈਂ ਤੁਹਾਨੂੰ ਸੁਝਾਅ ਦਿੱਤਾ ਹੈ। ਜੇ ਤੁਹਾਡੇ ਕੋਲ ਸਮਾਂ ਉਪਲਬਧ ਹੈ ਤਾਂ ਤੁਸੀਂ ਇਸ ਪੱਤ੍ਰੀ ਨੂੰ ਇੱਕੋ ਵਾਰ ਬੈਠ ਕੇ ਅਨੇਕਾਂ ਵਾਰ ਪੜ੍ਹੋ।

ਜਦੋਂ ਮੈਂ ਵੱਡਾ ਹੋ ਰਿਹਾ ਸੀ, ਤਾਂ ਕਲੀਸੀਆ ਦੇ ਮੈਂਬਰ ਅਕਸਰ ਬੰਦਗੀ ਵਿੱਚ ਸ਼ਾਮਲ ਹੋਣ ਲਈ ਕਾਫੀ ਦੂਰੋਂ-ਦੂਰੋਂ ਸਫ਼ਰ ਕਰਕੇ ਆਉਂਦੇ ਸਨ। ਜਿਹੜੇ ਪ੍ਰਾਰਥਨਾ ਸਭਾ ਵਿੱਚ ਅਗਵਾਈ ਕਰਦੇ ਸਨ ਓਹ ਅਕਸਰ ਸਫ਼ਰ ਕਰਨ ਵਾਲਿਆਂ ਦੇ ਲਈ ਪ੍ਰਭੂ ਅੱਗੇ ਉਨ੍ਹਾਂ ਦੇ "ਸਫ਼ਰ ਨੂੰ ਮੁਬਾਰਕ ਕਰਨ" ਲਈ ਪ੍ਰਾਰਥਨਾ ਕਰਦੇ ਸਨ: ਤਾਂ ਕਿ ਜਦੋਂ ਓਹ ਆਪਣੇ ਘਰਾਂ ਨੂੰ ਵਾਪਸ ਜਾਂਦੇ ਸਨ ਤਾਂ ਪਰਮੇਸ਼ੁਰ ਉਨ੍ਹਾਂ ਦੇ ਸਫ਼ਰ ਵਿੱਚ ਉਨ੍ਹਾਂ ਦਾ ਨਿਗਾਹਬਾਨ ਹੋਵੇ। ਜਦੋਂ ਅਸੀਂ ਰੋਮੀਆਂ ਦੀ ਪੱਤ੍ਰੀ ਦੇ ਆਪਣੇ ਇਸ ਮਜ਼ੇਦਾਰ ਪਰ ਚੁਣੌਤੀਪੂਰਣ ਆਤਮਿਕ ਸਫ਼ਰ ਨੂੰ ਸ਼ੁਰੂ ਕਰ ਰਹੇ ਹਾਂ ਤਾਂ ਆਓ ਅਸੀਂ ਪ੍ਰਭੂ ਦੇ ਅੱਗੇ ਇਹੋ ਪ੍ਰਾਰਥਨਾ ਕਰੀਏ ਕਿ ਪ੍ਰਭੂ ਸਾਡੇ ਸਫ਼ਰ ਨੂੰ ਮੁਬਾਰਕ ਕਰੇ।

ਅਕਸਰ ਇਹ ਕਿਹਾ ਜਾਂਦਾ ਹੈ ਕਿ "ਹਜ਼ਾਰ ਮੀਲ ਦੇ ਸਫ਼ਰ ਦੀ ਸ਼ੁਰੂਆਤ ਇੱਕ ਕਦਮ ਨਾਲ ਸ਼ੁਰੂ ਹੁੰਦੀ ਹੈ।"[34] ਅਸੀਂ ਉਹ ਪਹਿਲਾ ਕਦਮ 1 ਅਧਿਆਇ ਤੋਂ ਉਠਾਵਾਂਗੇ।

## ਇੱਕ ਖਾਸ ਟਿੱਪਣੀ

ਐਬੀਲੀਨ ਕ੍ਰਿਸਚਨ ਕਾਲਜ (ਹੁਣ ਇਹ ਯੂਨੀਵਰਸਿਟੀ ਬਣ ਚੁੱਕੀ ਹੈ) ਵਿੱਚ ਮੇਰੀਆਂ ਸਭ ਤੋਂ ਮਨਪਸੰਦ ਜਮਾਤਾਂ ਵਿੱਚੋਂ ਇੱਕ ਜਮਾਤ "ਰੋਮੀਆਂ ਦੀ ਪੱਤ੍ਰੀ" ਵਿਖੇ ਸੀ ਜੋ ਕਿ ਸਾਨੂੰ ਜੇ. ਡੀ ਥੌਮਸ ਜੀ ਪੜ੍ਹਾਉਂਦੇ ਸਨ। ਪਿਛਲੇ ਕਈ ਸਾਲਾਂ ਤੋਂ, ਮੈਂ ਰੋਮੀਆਂ ਦੀ ਪੱਤ੍ਰੀ ਦੇ ਵਿਖੇ ਬਹੁਤ ਸਾਰੀਆਂ ਜਮਾਤਾਂ ਨੂੰ ਪੜ੍ਹਾ ਚੁੱਕਾ ਹਾਂ, ਜਿਨ੍ਹਾਂ ਵਿੱਚ ਉਹ ਜਮਾਤਾਂ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਮੈਂ ਆਸਟ੍ਰੇਲੀਆ ਵਿੱਚ ਮੈਨਿਯੂਰੀ ਸਕੂਲ ਆਫ਼ ਪ੍ਰੀਚਿੰਗ ਵਿੱਚ ਦਸ ਸਾਲਾਂ ਦੌਰਾਨ ਪੜ੍ਹਾਇਆ ਸੀ। ਫਿਰ ਵੀ, ਮੈਂ ਹਮੇਸ਼ਾ ਇਸ ਦੀ ਚੌੜਾਈ ਅਤੇ ਇਸ ਦੀ ਗਹਿਰਾਈ ਤੋਂ ਭੈਭੀਤ ਹੋ ਜਾਂਦਾ ਸੀ।

ਗਲੈਨ ਪੇਸ ਨੇ ਉਸ ਦੇ ਕਾਲਜ ਦੇ ਇੱਕ ਬਾਈਬਲ ਟੀਚਰ ਦੇ ਬਾਰੇ ਦੱਸਿਆ ਹੈ ਜਿਹੜਾ ਬੋਰਡ ਤੇ ਇੱਕ ਵੱਡਾ ਜਿਹਾ ਗੋਲ ਚੱਕਰ ਬਣਾਉਂਦਾ ਸੀ ਅਤੇ ਇਸ ਨੂੰ ਇਹ ਨਾਂ ਦਿੰਦਾ ਸੀ "ਪਰਮੇਸ਼ੁਰ ਦਾ ਸੁਭਾਅ।" ਫਿਰ ਉਹ ਪ੍ਰੋਫੈਸਰ ਵੱਡੇ ਗੋਲ ਚੱਕਰ ਵਿੱਚ ਇੱਕ ਛੋਟਾ ਜਿਹਾ ਗੋਲ ਚੱਕਰ ਬਣਾਉਂਦਾ ਸੀ ਅਤੇ ਕਹਿੰਦਾ ਸੀ, "ਮੈਨੂੰ ਬਸ ਇੰਨਾ ਕੁ ਸਮਝ ਆਉਂਦਾ ਹੈ।" ਇੱਕ ਦਿਨ ਇੱਕ ਵਿਦਿਆਰਥੀ ਨੇ ਟਿੱਪਣੀ ਕੀਤੀ ਕਿ "ਮੈਂ ਗੌਰ ਕੀਤਾ ਹੈ ਕਿ ਹਰ ਵਾਰ ਜਦੋਂ ਤੁਸੀਂ ਇਹ ਮਿਸਾਲ ਦਿੰਦੇ ਹੋ, ਛੋਟਾ ਗੋਲ ਚੱਕਰ ਹੋਰ ਛੋਟਾ ਹੁੰਦਾ ਜਾਂਦਾ ਹੈ।"[35] ਮੈਂ ਸਮਝਦਾ ਹਾਂ ਕਿ ਉਸ ਟੀਚਰ ਨੇ ਕਿੱਦਾਂ ਦਾ ਮਹਿਸੂਸ ਕੀਤਾ ਹੋਵੇਗਾ। ਜਿੰਨਾ ਜ਼ਿਆਦਾ ਮੈਂ ਰੋਮੀਆਂ ਦੀ ਪੱਤ੍ਰੀ ਨੂੰ ਪੜ੍ਹਦਾ ਹਾਂ, ਓਨਾ ਜ਼ਿਆਦਾ ਮੈਂ ਇਸ ਗੱਲ ਤੋਂ ਜਾਣੂ ਹੁੰਦਾ ਜਾਂਦਾ ਹਾਂ ਕਿ ਮੈਂ ਇਸ ਬਾਰੇ ਬਹੁਤ ਘੱਟ ਜਾਣਦਾ ਹਾਂ।

## ਸਿਖਾਉਣ ਵਾਲਿਆਂ ਅਤੇ ਪ੍ਰਚਾਰਕਾਂ ਲਈ ਇੱਕ ਸੂਚਨਾ

ਜੇ ਤੁਸੀਂ ਰੋਮੀਆਂ ਦੀ ਪੱਤ੍ਰੀ ਦੇ ਵਿਖੇ ਇੱਕ ਜਮਾਤ ਨੂੰ ਪੜ੍ਹਾ ਰਹੇ ਹੋ, ਤਾਂ ਸ਼ਾਇਦ ਤੁਸੀਂ ਆਪਣੀ ਸਿੱਖਿਆ ਵਿੱਚ ਇਸ ਆਰੰਭਕ ਪਾਠ ਨੂੰ ਸ਼ਾਮਲ ਕਰਨਾ ਚਾਹੋਗੇ। ਜੇਕਰ ਤੁਸੀਂ ਰੋਮੀਆਂ ਦੀ ਪੱਤ੍ਰੀ ਤੇ ਪ੍ਰਚਾਰ ਕਰਨ ਦਾ ਫ਼ੈਸਲਾ ਕਰਦੇ ਹੋ, ਤਾਂ ਤੁਸੀਂ ਆਪਣੀ ਸਿੱਖਿਆ ਦੀ ਲੜੀ ਨੂੰ ਪਹਿਲੇ ਅਧਿਆਇ ਨਾਲ ਸ਼ੁਰੂ ਕਰਨਾ ਪਸੰਦ ਕਰ ਸਕਦੇ ਹੋ। ਰੋਮੀਆਂ ਦੀ ਪੱਤ੍ਰੀ ਵਿੱਚ ਬਹੁਤ ਸਾਰੇ ਅਧਿਐਨ ਪੌਲੁਸ ਦੀ ਜ਼ਿੰਦਗੀ, ਕੰਮ ਅਤੇ ਚਰਿੱਤਰ ਦੇ ਸਰਵੇਖਣ ਨਾਲ ਸ਼ੁਰੂ ਹੁੰਦੇ ਹਨ। ਜੇਕਰ ਤੁਹਾਡੇ ਸਰੋਤੇ ਪੌਲੁਸ ਰਸੂਲ ਨਾਲ ਵਾਕਫ਼ ਨਹੀਂ ਹਨ, ਤਾਂ ਤੁਸੀਂ ਆਪਣੀ ਸਿੱਖਿਆ ਨੂੰ ਅਜਿਹੇ ਹੀ ਕਿਸੇ ਸਰਵੇਖਣ ਤੋਂ ਸ਼ੁਰੂ ਕਰਨਾ ਚਾਹੋਗੇ।

ਇਹ ਟੀਕਾ ਤਿੰਨ ਮੁੱਖ ਉਪਯੋਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਖਿਆ ਗਿਆ ਸੀ। ਕੁਝ ਲੋਕ ਹੀ ਰੋਮੀਆਂ ਦੀ ਪੱਤ੍ਰੀ ਤੇ ਸੰਦੇਸ਼ਾਂ ਦੀ ਲੜੀ ਦਾ ਪ੍ਰਚਾਰ ਕਰਨਗੇ। ਬਹੁਤ ਸਾਰੇ ਲੋਕ ਰੋਮੀਆਂ ਦੀ ਪੱਤ੍ਰੀ ਤੇ ਜਮਾਤਾਂ ਨੂੰ ਸਿਖਾਉਣਗੇ ਅਤੇ ਕੁਝ ਹੋਰ ਨਿੱਜੀ ਉੱਨਤੀ ਲਈ ਇਸ ਟੀਕੇ ਦਾ ਅਧਿਐਨ ਕਰਨਗੇ।

ਜਿਹੜੇ ਰੋਮੀਆਂ ਦੀ ਪੱਤ੍ਰੀ ਤੇ ਪ੍ਰਚਾਰ ਕਰਨਾ ਚਾਹੁੰਦੇ ਹਨ ਉਨ੍ਹਾਂ ਦੀ ਮਦਦ ਕਰਨ ਲਈ, ਆਇਤ-ਦਰ-ਆਇਤ ਅਧਿਐਨ ਕਰਨ ਦੀ ਬਜਾਇ, ਮੈਂ ਪ੍ਰਾਸੰਗਿਕਤਾ ਭਾਗਾਂ ਵਿੱਚ ਪ੍ਰਚਾਰ ਕਰਨ ਦੀ ਕਲਾ ਦੇ ਵਿਚਾਰ ਵੀ ਸ਼ਾਮਲ ਕੀਤੇ ਹਨ। ਟਿੱਪਣੀਆਂ ਵਿੱਚ ਪ੍ਰਚਾਰ ਕਰਨ ਦੇ ਉਦੇਸ਼ਾਂ ਲਈ ਢੁਕਵੀਂ ਨਾਲੋਂ ਵੀ ਵਧੇਰੇ ਜਾਣਕਾਰੀ ਸ਼ਾਮਲ ਕੀਤੀ ਗਈ ਹੈ। ਜਿਸ ਸਮੱਗਰੀ ਦੀ ਤੁਸੀਂ ਵਰਤੋਂ ਕਰਦੇ ਹੋ ਉਸ ਵਿੱਚ ਚੋਣਸ਼ੀਲ ਬਣੋ।

ਜਿਹੜੇ ਰੋਮੀਆਂ ਦੀ ਪੱਤ੍ਰੀ ਦੇ ਵਿਖੇ ਇੱਕ ਜਮਾਤ ਨੂੰ ਸਿਖਾਉਣਾ ਚਾਹੁੰਦੇ ਹਨ ਉਨ੍ਹਾਂ ਦੀ ਮਦਦ ਕਰਨ ਲਈ, ਮੈਂ ਇਸ ਲਿਖਤ ਦੀ ਪੂਰੀ ਵਿਆਖਿਆ ਕਰਨ ਅਤੇ ਉਨ੍ਹਾਂ ਪ੍ਰਸ਼ਨਾਂ ਦਾ ਪੂਰਵ ਅਨੁਮਾਨ ਲਗਾਉਣ ਦੀ ਪੂਰੀ-ਪੂਰੀ ਕੋਸ਼ਿਸ਼ ਕੀਤੀ ਹੈ ਜੋ ਤੁਹਾਡੇ ਕੋਲੋਂ ਪੁੱਛੇ ਜਾ ਸਕਦੇ ਹਨ। ਫਿਰ ਵੀ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਵੋ ਕਿ ਇਸ ਵਿੱਚੋਂ ਕੁਝ ਜਾਣਕਾਰੀ ਤੁਹਾਡੇ ਲਈ ਹੈ, ਨਾ ਕਿ ਤੁਹਾਡੇ ਵਿਦਿਆਰਥੀਆਂ ਦੇ ਲਈ। ਉਦਾਹਰਣ ਦੇ ਲਈ, ਤੁਹਾਡੀ ਜਮਾਤ ਦੇ ਜ਼ਿਆਦਾਤਰ ਵਿਦਿਆਰਥੀ ਯੂਨਾਨੀ ਸ਼ਬਦਾਂ ਵਿੱਚ ਦਿਲਚਸਪੀ ਨਹੀਂ ਵਿਖਾਉਣਗੇ।

ਜੇਕਰ ਤੁਸੀਂ ਇਨ੍ਹਾਂ ਪਾਠਾਂ ਦਾ ਆਪਣੀ ਨਿੱਜੀ ਉੱਨਤੀ ਲਈ ਅਧਿਐਨ ਕਰਨਾ ਚਾਹੁੰਦੇ ਹੋ, ਤਾਂ ਇਸ ਪੁਸਤਕ ਦੀ ਹਰੇਕ ਗੱਲ ਤੁਹਾਡੇ ਲਈ ਹੈ। ਮੈਂ ਤੁਹਾਨੂੰ ਸਿਰਫ ਇੱਕੋ ਗੱਲ ਬਾਰੇ ਸਾਵਧਾਨ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਜੋ ਕੁਝ ਵੀ ਪੜ੍ਹਦੇ ਹੋ ਉਸ ਦੀ ਤੁਲਨਾ ਬਾਈਬਲ ਨਾਲ ਜ਼ਰੂਰ ਕਰੋ। ਜੇਕਰ ਇਹ ਪਰਮੇਸ਼ੁਰ ਦੇ ਵਚਨ ਨਾਲ ਮੇਲ ਖਾਂਦਾ ਹੈ, ਤਾਂ ਇਸ ਨੂੰ ਸਵੀਕਾਰ ਕਰੋ। ਜੇਕਰ ਇਹ ਵਚਨ ਦੇ ਉਲਟ ਹੈ ਤਾਂ ਇਸ ਨੂੰ ਰੱਦ ਕਰ ਦਿਓ।

---

ਟਿੱਪਣੀਆਂ

[1]ਚਾਰਲਸ ਹੌਜ, *ਕਮੈਂਟਰੀ ਆਨ ਦ ਟੂ ਦ ਰੋਮਨਜ਼* (ਪ੍ਰਿੰਸਟਨ, ਨਿਊ ਜਰਸੀ: ਪ੍ਰਕਾਸ਼ਕ ਦੀ ਜਾਣਕਾਰੀ ਨਹੀਂ ਹੈ, 1886; ਮੁੜ ਛਾਪਿਆ, ਗ੍ਰੈਂਡ *ਐਪਿਸਟਲ* ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1968), 9। [2]ਫਿਲੋ *ਆਨ ਦ ਐਮਬੈਸੀ ਟੂ ਗਾਯੁਸ* 155। ਤਿਬਿਰ ਝੀਲ ਦੇ ਪੱਛਮ ਵੱਲ ਜੋ ਜਿਲ੍ਹਾ ਸੀ ਜਿੱਥੇ ਯਹੂਦੀ ਲੋਕ ਰਹਿੰਦੇ ਸਨ ਉਸ ਨੂੰ ਟਰਾਸਟਿਵਿਅਰ ("ਤਿਬਿਰ ਦੇ ਪਾਰ") ਵਜੋਂ ਜਾਣਿਆ ਜਾਂਦਾ ਹੈ। [3]ਡੀ. ਡੀ. ਵੀਹਡਨ, *ਕਮੈਂਟਰੀ ਆਨ ਦ ਨਿਊ ਟੈਸਟਾਮੈਂਟ, ਜਿਲਦ III, ਐਕਟਸ –ਰੋਮਨਜ਼* (ਨਿਊਯਾਰਕ: ਹੰਟ ਐਂਡ ਈਟਨ, 1892), 285। ਸਿਊਟੋਨਿਉਸ ਨੇ ਲਿਖਿਆ, "ਕਿਉਂਕਿ ਯਹੂਦੀ ਲੋਕਾਂ ਕ੍ਰੇਸਟੁਸ ਦੀ ਚੁੱਕਣਾ ਤੇ ਲਗਾਤਾਰ ਪਰੇਸ਼ਾਨੀਆਂ ਖੜ੍ਹੀਆਂ ਕੀਤੀਆਂ, [ਸਮਰਾਟ ਕਲੌਦਿਯੁਸ] ਨੇ ਉਨ੍ਹਾਂ ਨੂੰ ਰੋਮ ਵਿੱਚੋਂ ਬਾਹਰ ਕੱਢ ਦਿੱਤਾ" (ਸਿਊਟੋਨਿਉਸ *ਲਾਈਫ਼ ਆਫ਼ ਕਲਾਊਡੀਅਸ* 25.4; ਵੇਖੋ ਰਸੂਲਾਂ ਦੇ ਕਰਤੱਬ 18:2)। [4]ਵੇਖੋ ਜੇਮਸ ਆਰ. ਐਡਵਰਡਸ, *ਰੋਮਨਜ਼,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡਰਿਕਸਨ ਪਬਲਿਸ਼ਰਜ਼, 1992), 355-57। [5]ਰੋਮੀਆਂ ਦੀ ਪੱਤ੍ਰੀ ਅਤੇ 1 ਕੁਰਿੰਥੀਆਂ ਦੀ ਪੱਤ੍ਰੀ ਦੋਵਾਂ ਵਿੱਚ 16 ਅਧਿਆਇ ਹਨ, ਪਰ ਰੋਮੀਆਂ ਦੀ ਪੱਤ੍ਰੀ ਲੰਮੀ ਹੈ। ਲੀਓਨ ਮੌਰਿਸ ਨੇ ਕਿਹਾ ਕਿ "ਰੋਮੀਆਂ ਦੀ ਪੱਤ੍ਰੀ [ਪੌਲੁਸ ਦੀ] ਸਭ ਤੋਂ ਲੰਮੀ ਪੱਤ੍ਰੀ ਹੈ, ਜਿਸ ਵਿੱਚ ਲਗਭਗ 7,100 ਸ਼ਬਦ ਹਨ" (ਲੀਓਨ ਮੌਰਿਸ, ਦ *ਐਪਿਸਟਲ ਟੂ ਦ ਰੋਮਨਜ਼* [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988,] 2.)। [6]ਡੇਵ ਮਿਲਰ ਵੱਲੋਂ *ਟਰੁੱਥ ਇਨ ਲਵ* ਟੈਲੀਵਿਜ਼ਨ ਪ੍ਰੋਗਰਾਮ ਵਿੱਚ ਫੋਰਟ ਵਰਥ, ਟੈਕਸਸ ਵਿਖੇ 2 ਜਨਵਰੀ 2002 ਨੂੰ ਪ੍ਰਚਾਰ ਕੀਤਾ ਗਿਆ ਸੰਦੇਸ਼ "ਦ ਮੀਨਿੰਗ ਆਫ਼ ਰੋਮਨਜ਼ (1)।" [7]ਡੱਗਲਸ ਜੇ. ਮੂ, *ਰੋਮਨਜ਼,* ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 2000), 19। [8]ਵਿਦਵਾਨ *ਕੇਰਿਗਮਾ* ਸ਼ਬਦ ਦੀ ਵਰਤੋਂ ਕਰਦੇ ਹਨ ਜੋ ਕਿ ਯੂਨਾਨੀ ਸ਼ਬਦ κήρυγμα ਦਾ ਬਦਲਵਾਂ ਰੂਪ ਹੈ, ਜਿਸ ਦਾ ਅਰਥ ਹੈ "ਉਹ ਜਿਸ ਦਾ ਪ੍ਰਚਾਰ ਕੀਤਾ ਜਾਂਦਾ ਹੈ" ਜਾਂ "ਸੰਦੇਸ਼।" "ਮੁਢਲੇ ਸਿਧਾਂਤਾਂ" ਵਾਕ ਦੇ ਸੰਬੰਧ ਵਿੱਚ ਵੇਖੋ ਇਬਰਾਨੀਆਂ 5:12 (KJV)। [9]ਚਾਰਲਸ ਆਰ. ਸਵਿੰਡਲ, *ਕਮਿੰਗ ਟੂ ਟਰਮਸ ਵਿਦ ਸਿਨ: ਏ ਸਟੱਡੀ ਆਨ ਰੋਮਨਜ਼ 1-5* (ਅਨਾਹੇਮ, ਕੈਲੀਫੋਰਨੀਆ: ਇਨਸਾਈਟ ਫ਼ਾਰ ਲਿਵਿੰਗ, 1999), 6। [10]ਕਲੀਸੀਆ ਅਤੇ ਆਮ ਬੰਦਗੀ ਵਰਗੇ ਬਾਕੀ ਮੁੱਖ ਵਿਸ਼ਿਆਂ ਬਾਰੇ ਬਹੁਤ ਥੋੜ੍ਹਾ ਜ਼ਿਕਰ ਕੀਤਾ ਗਿਆ ਹੈ।

[11]ਮੈਰਿਲ ਸੀ. ਟੈਨੀ, *ਨਿਊ ਟੈਸਟਾਮੈਂਟ ਸਰਵੇ*, ਸੋਧ: ਵਾਲਟਰ ਐਮ. ਡੱਨੈੱਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1985), 305. [12]ਮੋਜ਼ਜ਼ ਈ. ਲਾਰਡ, *ਕਮੈਂਟਰੀ ਆਨ ਪੌਲਜ਼*

*ਲੈਟਰ ਟੂ ਰੋਮਨਜ਼* (ਲੈਕਸਿੰਗਟਨ, ਕੰਨਟਾਕੀ: ਪ੍ਰਕਾਸ਼ਕ ਦੀ ਜਾਣਕਾਰੀ ਨਹੀਂ ਹੈ, 1875; ਮੁੜ ਛਾਪਿਆ, ਡਿਲਾਈਟ, ਆਰਕਾਂਸਸ: ਗੌਸਪਲ ਲਾਈਟ ਪਬਲਿਸ਼ਿੰਗ ਕੰਪਨੀ, ਮਿਤੀ ਉਪਲਬਧ ਨਹੀਂ ਹੈ), XX। [13]ਜੇ. ਡੀ. ਥੌਮਸ, *ਰੋਮਨਜ਼,* ਦ ਲਿਵਿੰਗ ਵਰਡ (ਔਸਟਿਨ, ਟੈਕਸਸ: ਆਰ. ਬੀ. ਸਵੀਟ ਕੰਪਨੀ, 1965), 3। [14]ਜੇ. ਡੀ. ਥੌਮਸ, ਕਲਾਸ ਨੋਟਸ, *ਰੋਮਨਜ਼,* ਐਬੀਲੀਨ ਕ੍ਰਿਸਚਨ ਕਾਲਜ (1955) ਵਿਖੇ ਹਵਾਲਾ ਦਿੱਤਾ ਗਿਆ। [15]ਸੈਮੁਏਲ ਟੇਲਰ ਕੋਲਰਿਜ, *ਟੇਬਲ ਟਾਕ,* ਪ੍ਰਬੰਧ ਅਤੇ ਸੰਪਾਦਨ ਟੀ. ਐਸ਼ੇ (ਲੰਡਨ: ਜੌਰਜ ਬੈਲ ਐਂਡ ਸਨਜ਼, 1896), 228। [16]ਥੌਮਸ, ਕਲਾਸ ਨੋਟਸ। [17]ਟੈਨੀ, 306। [18]ਐਡਵਰਡ ਫੱਜ, *ਰੋਮਨਜ਼,* ਨਿਊ ਟੈਸਟਾਮੈਂਟ ਹੈਲਪਸ (ਏਥੰਸ, ਆਲਾਸਕਾ: ਸੀ.ਈ.ਆਈ. ਪਬਲਿਸ਼ਿੰਗ ਕੰਪਨੀ, 1970), 12। [19]ਜੇਮਸ ਬਰਟਨ ਕੌਫਮਨ, *ਕਮੈਂਟਰੀ ਆਨ ਰੋਮਨਜ਼* (ਔਸਟਿਨ, ਟੈਕਸਸ: ਫਰਮ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ, 1973), vi। [20]ਮ੍ਹ, 20।

[21]ਐਂਡਰਸ ਨਾਇਗ੍ਰੈਨ, ਕਮੈਂਟਰੀ ਆਨ ਰੋਮਨਜ਼ (ਫਿਲਾਡੈਲਫੀਆ: ਫੋਰਟਰੈਸ ਪ੍ਰੈਸ, 1949), 2। [22]ਜੌਨ ਆਰ. ਡਬਲਿਯੂ. ਸਟੌਟ, ਮੈੱਨ ਮੇਡ ਨਿਊ: ਐਨ ਐਕਸਪੋਜ਼ਿਸ਼ਨ ਆਫ਼ ਰੋਮਨਜ਼ 5—8 (ਡਾਊਨਰਸ ਗਰੋਵ, ਇਲਿਨੋਏ: ਇੰਟਰ-ਵਰਸਿਟੀ ਪ੍ਰੈਸ, 1966), 9। [23]ਕ੍ਰਿਸੋਸਟੋਮ ਹੋਮੀਲੀਜ਼ ਆਨ ਰੋਮਨਜ਼ ਆਰਗਿਊਮੈਂਟ। [24]ਹੈਨਰੀ ਐਚ. ਹੈਲੀ, ਹੈਲੀਜ਼ ਬਾਈਬਲ ਹੈਂਡਬੁਕ, ਸੋਧਿਆ ਸੰਸਕਰਣ (ਸ਼ਿਕਾਗੋ: ਹੈਨਰੀ ਐਚ. ਹੈਲੀ, 1955), 522। [25]ਯੂਜੀਨ ਐਚ. ਪੀਟਰਸਨ, *ਦ ਮੈਸੇਜ: ਨਿਊ ਟੈਸਟਾਮੈਂਟ ਵਿਦ ਸਾਮਜ਼ ਐਂਡ ਪਰੋਵਰਬਜ਼* (ਕੋਲੋਰਾਡੋ ਸਪਰਿੰਗਸ, ਕੋਲੋਰਾਡੋ: ਨਵਪ੍ਰੈਸ ਪਬਲਿਸ਼ਿੰਗ ਗਰੁਪ, 1995), 359। [26]ਆਰ. ਸੀ. ਬੈਲ ਸਟੱਡੀਜ਼ ਇਨ ਰੋਮਨਜ਼ (ਔਸਟਿਨ, ਟੈਕਸਸ: ਫਰਮ ਫਾਊਨਡੇਸ਼ਨ ਪਬਲਿਸ਼ਿੰਗ ਹਾਊਸ, 1957), 2। [27]ਪਰੈਂਟਿਸ ਮੀਡਰ, ਜੂਨੀਅਰ ਵੱਲੋਂ 1 ਅਕਤੂਬਰ, 2000 ਨੂੰ ਪ੍ਰੈਸਟੋਨਕਰੈਸਟ ਚਰਚ ਆਫ਼ ਕ੍ਰਾਇਸਟ, ਡਾਲਸ, ਟੈਕਸਸ ਵਿਖੇ ਪ੍ਰਚਾਰ ਕੀਤਾ ਗਿਆ ਸੰਦੇਸ਼ "ਵੈੱਨ ਇਨ ਰੋਮ"। [28]ਥੌਮਸ, ਰੋਮਨਜ਼, 3 ਵਿੱਚ ਦਿੱਤਾ ਗਿਆ ਹਵਾਲਾ। [29]ਇਸ ਆਗਿਆਕਾਰੀ ਵਿੱਚ ਇੰਜੀਲ ਨੂੰ ਸੁਣਨਾ (10:17), ਪਰਤੀਤ ਕਰਨਾ ਅਤੇ ਇਹ ਇਕਰਾਰ ਕਰਨਾ ਕਿ ਯਿਸੂ ਜੀ ਉੱਠਿਆ ਪ੍ਰਭੂ ਹੈ (10:9, 10), ਪਾਪ ਤੋਂ ਤੌਬਾ ਕਰਨਾ (2:4) ਅਤੇ ਬਪਤਿਸਮਾ ਲੈਣਾ (6:3-6) ਸ਼ਾਮਲ ਹੈ। [30]ਡੇਲ ਹਾਰਟਮੈਨ ਵੱਲੋਂ 11 ਜਨਵਰੀ 2004 ਨੂੰ ਈਸਟਸਾਇਡ ਚਰਚ ਆਫ਼ ਕ੍ਰਾਇਸਟ, ਮਿਡਵੈਸਟ ਸਿਟੀ, ਓਕਲਾਹੋਮਾ ਵਿਖੇ ਪੜ੍ਹਾਈ ਗਈ ਜਮਾਤ।

[31]ਲੈਰੀ ਡੀਸਨ, "ਦ ਰਾਇਚਿਉਸਨੈੱਸ ਆਫ਼ ਗੌਡ": ਐਨ ਇਨ-ਡੈਪਥ ਸਟੱਡੀ ਆਫ਼ ਰੋਮਨਜ਼, ਸੋਧ ਕੀਤਾ ਸੰਸਕਰਣ (ਕਲਿਫਟਨ ਪਾਰਕ, ਨਿਊਯਾਰਕ: ਲਾਈਫ਼ ਕਮਿਊਨੀਕੇਸ਼ਨਜ਼, 1989), 16। [32]ਜਿਮ ਮੈਕਗੁਈਗਨ, ਦ ਬੁਕ ਆਫ਼ ਰੋਮਨਜ਼, ਲੁਕਿੰਗ ਇੰਟੂ ਦ ਬਾਈਬਲ ਸੀਰੀਜ਼ (ਲੱਬੌਕ, ਟੈਕਸਸ: ਮੌਨਟੈਕਸ ਪਬਲਿਸ਼ਿੰਗ ਕੰ., 1982), 5। [33]ਰੋਮੀਆਂ ਦੀ ਪੱਤ੍ਰੀ ਦੀਆਂ ਬਹੁਤ ਸਾਰੀਆਂ ਰੂਪਰੇਖਾਵਾਂ "ਧਾਰਮਿਕਤਾ" ਸ਼ਬਦ ਦੇ ਇਰਦ-ਗਿਰਦ ਘੁੰਮਦੀਆਂ ਹਨ। ਇਹ ਰੂਪਰੇਖਾ ਵੈਰਨ ਡਬਲਿਯੂ. ਵਿਅਰਸਬੀ ਦੁਆਰਾ ਦਿੱਤੀ ਗਈ ਵਿਅਰਸਬੀਜ਼ ਐੱਕਸਪੋਜ਼ਿਟਰੀ ਆਊਟਲਾਈਨਜ਼ ਆਨ ਦ ਨਿਊ ਟੈਸਟਾਮੈਂਟ (ਵੀਹਟਨ, ਇਲਿਨੋਏ: ਵਿਕਟਰ ਬੁਕਸ, 1992), 359 ਰੂਪਰੇਖਾ ਤੇ ਆਧਾਰਿਤ ਹੈ। [34]ਲਾਓ-ਜ਼ੁ (ਲਗਭਗ 604-531 ਬੀ.ਸੀ. ਦੇ ਲਗਭਗ), ਦ ਵੇਅ ਆਫ਼ ਲਾਓ-ਜ਼ੁ, ਜੌਨ ਬਾਰਟਲੈੱਟ, ਬਾਰਟਲੈੱਟਜ਼ ਫੈਮਿਲੀਅਰ ਕੋਟੇਸ਼ਨਜ਼, 16 ਵਾਂ ਸੰਸਕਰਣ, ਸੰਪਾਦਨ: ਜਸਟਿਨ ਕਪਲਨ (ਬੋਸਟਨ: ਲਿਟਲ, ਬਰਾਉਨ, ਐਂਡ ਕੰਪਨੀ, 1992), 57 ਵਿੱਚ ਦਿੱਤਾ ਗਿਆ ਹਵਾਲਾ। [35]ਗਲੈਨ ਪੇਸ, ਜਡਸੋਨੀਆ ਚਰਚ ਆਫ਼ ਕ੍ਰਾਇਸਟ, ਜਡਸੋਨੀਆ, ਆਰਕਾਨਸਸ, ਵਿੱਚ ਪ੍ਰਚਾਰ ਕੀਤਾ ਗਿਆ ਸੰਦੇਸ਼ (ਮਿਤੀ ਉਪਲਬਧ ਨਹੀਂ ਹੈ)।